ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/06 ਜੂਨ 2016 – ਨਾਨਕਸ਼ਾਹੀ ਜੇਠ-ਹਾੜ ੫੪੮

## ਇਤਿਹਾਸਿਕ ਦਿਹਾੜੇ

### ਜੂਨ ਅਤੇ ਜੁਲਾਈ 2016

| | |
|---|---|
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 8 ਜੂਨ |
| ਜਨਮ ਭਗਤ ਕਬੀਰ ਜੀ | 20 ਜੂਨ |
| ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 21 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | 24 ਜੂਨ |
| ਸ਼ਹੀਦੀ ਭਾਈ ਮਨੀ ਸਿੰਘ | 8 ਜੁਲਾਈ |
| ਮੀਰੀ ਪੀਰੀ ਦਿਵਸ ਪਾ.ਛੇਵੀਂ | 14 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | 16 ਜੁਲਾਈ |
| ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 28 ਜੁਲਾਈ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਆਸਾੜੁ ਤਪੰਦਾ ਤਿਸੁ ਲਗੈ ...
# (ਜੀਵਨ-ਜੁਗਤਿ)

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ (ਅੰਗ ੧੩੪)

**ਪਦ ਅਰਥ** :- ਨਾਹੁ-ਖਸਮ। ਜਗ ਜੀਵਨ ਪੁਰਖ - ਜਗਤ ਦਾ ਸਹਾਰਾ ਪ੍ਰਭੂ। ਸੰਦੀ-ਦੀ। ਦੁਯੈ ਭਾਇ-(ਪ੍ਰਭੂ ਤੋਂ ਬਿਨਾ ਕਿਸੇ) ਦੂਜੇ ਪਿਆਰ ਵਿਚ। ਵਿਗੁਚੀਐ-_ਆਰ ਹੋਈਦਾ ਹੈ। ਗਲਿ-ਗਲ ਵਿਚ। ਲੁਣੈ-ਵੱਢਦਾ ਹੈ। ਮਥੈ-ਮੱਥੇ ਉਤੇ। ਰੈਣਿ-ਰਾਤ, ਉਮਰ। ਕੌ-ਨੂੰ। ਭੇਟੀਐ-ਮਿਲਦਾ ਹੈ। ਸਾਧੂ-ਗੁਰੂ। ਖਲਾਸੁ-ਸੁਰ ਰੂ, ਆਦਰ-ਜੋਗ। ਪ੍ਰਭ-ਹੇ ਪ੍ਰਭੂ। ਹੋਇ-ਬਣੀ ਰਹੇ। ਜਿਸੁ ਮਨਿ-ਜਿਸ ਦੇ ਮਨ ਵਿਚ। ਨਿਰਾਸ-ਟੁੱਟੇ ਹੋਏ ਦਿਲ ਵਾਲਾ।

**ਅਰਥ** :- ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿੰਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ _ਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ)। (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉੱਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ। (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜਿੰਦਗੀ ਪਛੁਤਾਵਿਆਂ ਵਿਚ ਹੀ ਗੁਜਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ।

ਜਿੰਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜੂਰੀ ਵਿਚ ਸੁਰ ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ)।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ-ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ)। ੫।

# ਗੁਰੂ ਅਰਜਨੁ ਪਰਤਖ ਹਰਿ

(ਪ੍ਰਿੰਸੀਪਲ ਸਤਿਬੀਰ ਸਿੰਘ)

ਗੁਰੂ ਅਰਜਨ ਦੇਵ ਜੀ ਇਕ ਐਸੇ ਗੁਰੂ ਹਨ ਜਿਨ੍ਹਾਂ ਸਾਨੂੰ ਜੀਉਣ ਤੇ ਮਰਨ ਦੀਆਂ ਦੋਵੇਂ ਜਾਚਾਂ ਸਿਖਲਾਈਆਂ ਹਨ। ਸੰਸਾਰ ਵਿਚ ਪਹਿਲਾਂ ਤਾਂ ਕਿਸੇ ਨੂੰ ਜੀਵਨ ਜੀਉਣ ਦੀ ਜਾਚ ਹੀ ਨਹੀਂ, ਜੇ ਕਿਸੇ ਨੂੰ ਹੈ ਵੀ ਤਾਂ ਉਸ ਨੂੰ ਮਰਨ ਢੰਗ ਨਹੀਂ ਆਇਆ। ਮਰਨਾ ਹੈ ਹੀ ਕਠਨ। ਸ਼ਾਇਦ ਇਸੇ ਲਈ ਕਬੀਰ ਜੀ ਨੇ ਫ਼ਰਮਾਇਆ ਸੀ : "ਮਰਤਾ ਮਰਤਾ ਜਗ ਮੂਆ, ਮਰ ਭੀ ਨ ਜਾਨਹਿ ਕੋਇ" ਸਾਰੀ ਲੁਕਾਈ ਮਰਦੀ ਆਈ ਹੈ, ਮਰ ਰਹੀ ਹੈ ਤੇ ਮਰੇਗੀ ਪਰ ਕਿਸੇ ਵਿਰਲੇ ਨੂੰ ਹੀ ਮਰਨ-ਜਾਚ ਆਈ ਹੈ। ਇਸ ਮਾਲਕ ਗੁਰੂ ਅਰਜਨ ਜੀ ਦੇ ਅਦੁੱਤੀ ਜੀਵਨ ਅਤੇ ਸ਼ਹਾਦਤ ਉੱਤੇ ਇੱਕ ਝਾਤ ਪਾਉਣ ਨਾਲ ਹੀ ਇਹ ਦੋਵੇਂ ਜਾਚਾਂ ਆ ਜਾਣਗੀਆਂ।

ਗੁਰੂ ਅਰਜਨ ਦੇਵ ਜੀ ਦਾ ਜਨਮ ਗੋਇੰਦਵਾਲ ਵਿਖੇ ਗੁਰੂ ਰਾਮ ਦਾਸ ਜੀ ਦੇ ਘਰ, ਬੀਬੀ ਭਾਨੀ ਜੀ ਦੀ ਕੁਖੋਂ ੧੫ ਅਪ੍ਰੈਲ ੧੫੬੩ ਨੂੰ ਹੋਇਆ। ਬੀਬੀ ਭਾਨੀ ਜੀ ਨੂੰ ਜਿਥੇ ਗੁਰੂ ਰਾਮਦਾਸ ਜੀ ਦੀ ਸੁਪਤਨੀ ਹੋਣ ਦਾ ਸੁਭਾਗ ਪ੍ਰਾਪਤ ਸੀ ਉੱਥੇ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਹੋਣ ਦਾ ਵੀ ਮਾਣ ਸੀ। ਬੀਬੀ ਭਾਨੀ ਸਿਰਫ਼ ਨਾਮ ਦੀ ਭਾਨੀ ਹੀ ਨਹੀਂ ਸੀ, ਸਗੋਂ ਸ਼ੁਕਰ, ਰਜ਼ਾ ਵਿਚ ਰਹਿਣ ਵਾਲੀ ਇਸਤਰੀ ਸੀ। "ਧੁਪ ਛਾਉ ਸਮ ਕਰ ਜਾਣਨ ਵਾਲੀ ਸਿੱਖ ਸੀ। ਇਸ ਵਿਚ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਭਾਨੀ ਦਾ ਜਾਇਆ ਹੀ ਭਾਣਾ ਮੰਨਣ ਵਾਲਾ ਹੋ ਸਕਦਾ ਸੀ। ਭਾਨੀ ਜੀ ਦੀ ਨਿੱਤ ਦੀ ਗੁੜ੍ਹਤੀ ਹੀ ਭਾਣੇ ਨੂੰ ਮਿੱਠਾ ਮੰਨਣ ਲਈ ਪਰੇਰ ਸਕਦੀ ਸੀ।ਐਸੀ ਮਾਂ, ਗੁਰੂ ਰਾਮਦਾਸ ਪਿਤਾ, ਗੁਰੂ ਅਮਰਦਾਸ ਜੀ ਜੇਹੇ ਗੁਰੂ ਨਾਨੇ ਦੇ ਘਰ ਗੁਰੂ ਅਰਜਨ ਜੀ ਆਪਣਾ ਬਚਪਨ ਗੁਜ਼ਾਰ ਰਹੇ ਸਨ।

ਬਾਲ ਉਮਰ ਦੇ ਹੀ ਸਨ ਕਿ ਇਕ ਵਾਰੀ (ਗੁਰੂ) ਅਰਜਨ ਜੀ ਦਾ ਗੇਂਦ ਖੇਡਦਿਆਂ ਉਛਲ ਕੇ ਗੁਰੂ ਅਮਰਦਾਸ ਜੀ ਦੇ ਪਲੰਘ ਉੱਤੇ ਜਾ ਪਿਆ। ਗੁਰੂ ਅਮਰਦਾਸ ਜੀ ਸਮਾਧੀ ਵਿਚ ਜੁੜੇ ਹੋਏ ਸਨ। ਅਰਜਨ ਜੀ ਰਿੜ੍ਹਦੇ ਰਿੜ੍ਹਦੇ ਪਲੰਘ ਤੱਕ ਜਾ ਪੁੱਜੇ। ਪਲੰਘ ਉੱਚਾ ਤੇ ਹੱਥ ਪੁਜੇ ਨਾ, ਚੜ੍ਹਨ ਲਈ ਜਤਨ ਕਰਨ ਲਗੇ। ਇਸ ਜਤਨ ਵਿਚ (ਗੁਰੂ) ਅਰਜਨ ਜੀ ਨੇ ਪਲੰਘ ਦੇ ਪਾਵਿਆਂ ਨੂੰ ਝੂਣਿਆਂ ਤੇ ਪਲੰਘ ਹਿਲਣ ਲੱਗ ਪਿਆ। ਗੁਰੂ ਜੀ ਦੇ ਨੇਤ੍ਰ ਖੁਲ੍ਹ ਗਏ। ਨੇਤ੍ਰ ਖੁਲ੍ਹਦੇ ਸਾਰ ਹੀ ਸਾਹਿਬ ਗੁਰੂ ਅਮਰਦਾਸ ਜੀ ਦੇ ਮੁਖੋਂ ਇਹ ਵਾਕ ਨਿਕਲੇ, 'ਇਹ ਕਿਹੜਾ ਵੱਡਾ ਪੁਰਖ ਹੈ ਭਾਰੀ, ਜਿਸ ਮੰਜੀ ਹਿਲਾਈ ਸਾਡੀ ਸਾਰੀ।' ਇਹ ਸੁਭਾਵਕ ਬੋਲੇ ਸ਼ਬਦ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਹਨ। ਆਪ ਵੱਡੇ ਭਾਰੀ ਮਹਾਨ ਪੁਰਸ਼ ਸਨ ਜਿਨ੍ਹਾਂ ਸੰਸਾਰ ਦੇ ਵੱਡੇ ਜਰ ਵਾਣਿਆਂ ਦੇ ਤੱਖ਼ਤ ਹਿਲਾਏ। ਜਹਾਂਗੀਰ ਨੇ ਇਨ੍ਹਾਂ ਦੀ ਮਹਾਨ ਸ਼ਖ਼ਸੀਅਤ ਅੱਗੇ ਆਪਣਾ ਤੱਖ਼ਤ ਡੋਲਦਾ ਦੇਖਿਆ ਸੀ। ਇਸੇ ਲਈ ਤਾਂ ਉਸਨੇ ਆਪਣੀ ਤੁਜ਼ਕ, ਆਤਮ ਕਥਾ, ਵਿਚ ਲਿਖਿਆ ਸੀ ਕਿ 'ਉਸ (ਗੁਰੂ ਅਰਜਨ) ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਸਾਰੇ ਹਿੰਦੂ ਤੇ ਕਈ ਮੁਸਲਮਾਨ ਉਸ ਵੱਲ ਖਿੱਚੇ ਚਲੇ ਜਾ ਰਹੇ ਹਨ। ਮੈਨੂੰ ਇਹ ਇਕ ਅੱਖ ਨਹੀਂ ਸੀ ਭਾਉਂਦਾ। ਮੈਂ ਇਸ ਝੂਠ ਦੀ ਦੁਕਾਨ (ਦੁਕਾਨਿ ਬਾਤਲ) ਨੂੰ ਬੰਦ ਕਰਨ ਦੀ ਚਿਰਾਂ ਤੋਂ ਸੋਚ ਰਹਿਆ ਸਾਂ।'

ਇਸ ਵੱਡੇ ਪੁਰਸ਼ ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਗੱਦੀ ਬਖ਼ਸ਼ੀ। ਵੱਡੇ ਭਰਾ ਪ੍ਰਿਥੀ ਚੰਦ ਜੀ ਨੇ ਰੋਸ ਮਨਾਇਆ, ਭਰੀ ਸੰਗਤ ਵਿਚ ਉਸ ਨੇ ਗੁਰੂ ਜੀ ਦੀ ਨਿਰਾਦਰੀ ਕੀਤੀ। ਦਸਤਾਰ ਬੰਦੀ ਵੇਲੇ ਗੁਰੂ ਅਰਜਨ ਜੀ ਨੂੰ ਦਸਤਾਰ ਤੱਕ ਨ ਬੰਨ੍ਹਣ ਦਿੱਤੀ। ਪਰ ਉਸ 'ਭਾਰੀ ਪੁਰਸ਼' ਨੇ ਰੋਸ ਤਾਂ ਕੀ ਮਨਾਉਣਾ ਸੀ, ਮੱਥੇ ਵੱਟ ਨ ਪਾਇਆ। ਦੇਵ ਨੇਤ ਨੂੰ ਸਮੇਂ ਦੇ ਵਿਦਵਾਨ ਰੱਬ ਦੇ ਢੁੰਢਾਊ ੧੧ ਭੱਟ ਉਥੇ ਗੁਰੂ ਦੇ ਦਰਸ਼ਨਾਂ

ਨੂੰ ਆਏ ਹੋਏ ਸਨ। ਉਨ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਗੰਗਾ ਵਾਂਙ ਪਵਿੱਤਰ, ਸਮੁੰਦਰ ਵਾਂਙ ਸ਼ਾਂਤ, ਚੰਦਨ ਵਾਂਙ ਠੰਢਾ ਅਤੇ ਬ੍ਰਿਛ ਵਾਂਙ ਸਹਿਜ ਅਵਸਥਾ ਵਿਚ ਵਿਚਰਦੇ ਦੇਖਿਆ। ਉਹ ਸਾਰੇ ਹੀ ਇਕ ਜ਼ਬਾਨ ਨਾਲ ਪੁਕਾਰ ਉਠੇ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਵਾਹਿ ਜੀਓ।' ਉਪਮਾਵਾਂ ਦੀਆਂ ਉਨ੍ਹਾਂ ਝੜੀਆਂ ਲਗਾ ਦਿੱਤੀਆਂ ਅਤੇ ਉਨ੍ਹਾਂ ਵਿਚ ਇੱਕ ਮਥਰਾ ਜੀ ਨੇ ਤਾਂ ਗੱਲ ਹੀ ਮੁਕਾਉਂਦੇ ਹੋਏ ਕਹਿਆ :-

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥ ਅੰਗ ੧੪੦੯

ਗੁਰੂ ਅਰਜਨ ਦੇਵ ਜੀ ਸਨ ਹੀ, 'ਪਰਤਖ੍ਯ ਹਰਿ'। ਗੁਰੂ ਨਾਨਕ ਦੀ ਜੋਤ ਉਨ੍ਹਾਂ ਵਿਚ ਜਗਮਗਾ ਰਹੀ ਸੀ। ਬਾਬਾ 'ਅਕਾਲ ਰੂਪ' ਸੀ ਤੇ ਗੁਰੂ ਅਰਜਨ 'ਪਰਤਖ੍ਯ ਹਰਿ।'

ਵਾਹਿਗੁਰੂ ਦਾ ਪਹਿਲਾ ਵੱਡਾ ਗੁਣ ਹੈ ਉਹ ਇੱਕ ਹੈ, ਕਦੇ ਨਹੀਂ ਭੱਜਦਾ, ਕਦੇ ਨਹੀਂ ਟੁੱਟਦਾ, ਕਦੇ ਨਹੀਂ ਡੋਲਦਾ, ਇੱਕ ਸਾਰ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਾਰੀ ਜ਼ਿੰਦਗੀ ਦੀ ਕਾਰ ਹੀ ਇੱਕ ਸਾਰ ਰੱਖੀ। ਇੱਕ ਦਾ ਪਰਚਾਰ ਇੱਕ ਦਾ ਹੀ ਆਧਾਰ ਰਖਿਆ।

ਵਾਹਿਗੁਰੂ ਦਾ ਹੋਰ ਗੁਣ ਹੈ : ਉਹ ਸਤਿਨਾਮ ਹੈ : ਸੱਚ ਦਾ ਪ੍ਰਕਾਸ਼ ਹੈ। ਗੁਰੂ ਅਰਜਨ ਦੇਵ ਜੀ 'ਸੱਚ ਦਾ ਹੀ ਢੰਢੋਰਾ ਦੇਣ ਆਏ ਸਨ ਤੇ ਦਿੰਦੇ ਰਹੇ। ਇਸ ਉੱਚੇ ਢੰਢੋਰੇ ਤੋਂ ਹੀ ਜਹਾਂਗੀਰ ਭਰਿਆ ਸੀ। ਉਸ ਨੇ ਆਪਣੀ ਆਤਮ ਕਥਾ ਵਿਚ ਇਸ ਨੂੰ ਕਬੂਲ ਕੀਤਾ ਹੈ। ਸੱਚ ਦਾ ਹੋਕਾ ਦਿੰਦਿਆਂ ਜੇ ਉਹਨਾਂ ਨੂੰ ਤੱਤੀਆਂ ਤਵੀਆਂ ਉੱਤੇ ਬੈਠਣਾ ਪਿਆ ਤਾਂ ਬੈਠ ਗਏ, ਜੇ ਸਚ ਲਈ ਦੇਗਾਂ ਵਿਚ ਉਬਲਣਾ ਪਿਆ ਤਾਂ ਉਬਲ ਗਏ, ਅਤੇ ਜੇ ਸੱਚ ਲਈ ਸਰੀਰ ਤਿਆਗਣਾ ਪਿਆ ਤਾਂ ਹੱਸ ਕੇ ਤਿਆਗ ਦਿੱਤਾ। ਭਾਣੇ ਵਿੱਚ ਰਹਿੰਦੇ ਹੋਏ ਸਰੀਰ ਨੂੰ ਛੱਡ ਦਿੱਤਾ। ਸਭ ਤੋਂ ਵੱਧ ਨਿਰਾਲੀ ਗੱਲ ਰਾਵੀ ਵਿਚ ਰੋੜ੍ਹੇ ਜਾਣ ਵੇਲੇ ਵੀ 'ਤੇਰਾ ਕੀਆ ਮੀਠਾ ਲਾਗੇ। ਹਰਿ ਨਾਮਿ ਪਦਾਰਥ ਨਾਨਕ ਮਾਗੇ ਦੀ ਧੁੰਨੀ ਲਗਾਈ ਰੱਖੀ।

ਵਾਹਿਗੁਰੂ ਨੂੰ ਮੂਲ ਮੰਤ੍ਰ ਵਿਚ ਕਰਤਾ ਪੁਰਖ ਕਹਿਆ ਗਿਆ ਹੈ। ਵਾਹਿਗੁਰੂ ਢਾਹੁੰਦਾ ਨਹੀਂ, ਬਣਾਉਂਦਾ ਹੈ। ਵਾਹਿਗੁਰੂ ਗਿਰਾਂਦਾ ਨਹੀਂ ਉਸਾਰਦਾ ਹੈ। ਵਾਹਿਗੁਰੂ ਵਿੱਥ ਪਾਉਂਦਾ ਨਹੀਂ, ਮੇਲਦਾ ਹੈ। ਇਹ ਮਹਾਨ ਗੁਰੂ ਵੀ ਇਕ ਉਸਾਰੂ ਪੁਰਖ ਸੀ, ਕਰਤਾ ਪੁਰਖ ਸੀ। ਜਿਤਨੇ ਖੂਹ ਗੁਰੂ ਅਰਜਨ ਜੀ ਨੇ ਮਾਝੇ ਵਿਚ ਲਗਾਏ ਕਿਸੇ ਹੋਰ ਵਿਅਕਤੀ ਨੇ ਨਹੀਂ ਲਗਾਏ। ਰੋਗੀਆਂ ਦੇ ਰੋਗ ਦਵਾਈਆਂ ਵੰਡ ਕੇ ਦੂਰ ਕੀਤੇ।ਬਾਉਲੀਆਂ ਬਣਾ ਕੇ ਕਾਲ ਤੇ ਭੁੱਖਮਰੀ ਤੋਂ ਲੋਕਾਂ ਨੂੰ ਬਚਾਇਆ। ਬਾਉਲੀ ਨਾਲ ਵਿਹਲਿਆਂ ਨੂੰ ਕਿਰਤ ਤੇ ਤ੍ਰਿਹਾਇਆਂ ਨੂੰ ਪਾਣੀ ਮਿਲ ਜਾਂਦਾ ਸੀ। ਲਾਹੌਰ ਵਿਚ ਜਦ ੧੫੯੫ ਵਿਚ ਕਾਲ ਪਿਆ ਸੀ ਤਾਂ ਆਪ ਜੀ ਨੇ ਦਿਨ ਰਾਤ ਇਕ ਕਰ ਪੀੜਾ ਦੂਰ ਕੀਤੀਆਂ ਸਨ। ਲਾਸ਼ਾਂ ਚੁੱਕ-ਚੁੱਕ ਸੰਸਕਾਰ ਕੀਤਾ ਜਾਂ ਦਬਾਇਆ ਸੀ। ਗੁਰੂ ਜੀ ਵਿੱਥਾਂ ਮੇਲਣ ਵਾਲੇ ਸਨ। ਹਰਿਮੰਦਿਰ ਸਾਹਿਬ ਦੀ ਉਸਾਰੀ ਵੇਲੇ ਗੁਰੂ ਜੀ ਨੇ ਸਭ ਤੋਂ ਵੱਡੀ ਇਹਤਿਆਤ ਹੀ ਇਹ ਵਰਤੀ ਸੀ ਕਿ ਐਸਾ ਧਰਮ ਮੰਦਰ ਬਣੇ ਜੋ ਚਾਰ ਵਰਨਾਂ ਲਈ ਸਾਂਝਾ ਤੇ ਪ੍ਰਾਣੀ ਮਾਤ੍ਰ ਲਈ ਇਕ ਹੋਵੇ। ਨਾ ਦਰਵਾਜ਼ਾ ਪੂਰਬ ਵੱਲ ਤੇ ਨਾ ਪੱਛਮ ਵੱਲ ਸਗੋਂ ਚਾਰ ਦਰਵਾਜ਼ੇ ਰੱਖ, 'ਖਤ੍ਰੀ , ਬ੍ਰਾਹਮਣ, ਸੂਦਰ, ਵੈਸ ਉਪਦੇਸੁ ਚਹੁ ਵਰਨਾਂ ਕੋ ਸਾਂਝਾ' ਰਖਿਆ। ਫਿਰ ਸਭ ਤੋਂ ਉੱਤੇ ਇਹ ਕਿ ਸਿੱਖਾਂ ਦੇ ਸਭ ਤੋਂ ਵੱਡੇ ਧਰਮ ਮੰਦਰ ਦੀ ਨੀਂਹ, ਇਕ ਮੁਸਲਮਾਨ ਫ਼ਕੀਰ ਮੁਹੰਮਦ ਮੁਯੀਨ ਉਲ-ਅਸਲਾਮ (ਜਿਸ ਨੂੰ ਅਸੀਂ ਪਿਆਰ ਨਾਲ ਮੀਆਂ ਮੀਰ ਆਖਦੇ ਹਾਂ) ਕੋਲੋਂ ਰਖਵਾਈ। ਸਮਾਜ ਵਿਚ ਪਈਆਂ ਵਿੱਥਾਂ ਨੂੰ ਮੇਲਿਆ। ਉਹ ਪਰਤਖ ਹਰਿ ਜੂ ਸੀ।

ਵਾਹਿਗੁਰੂ ਦਾ ਵਿਸ਼ੇਸ਼ ਕਰ ਕੇ ਗੁਣ ਹੈ ਕਿ ਉਹ ਨਿਰਭਉ ਹੈ। ਉਹ ਕਿਸੇ ਕੋਲੋਂ ਨਹੀਂ ਡਰਦਾ,

ਉਹ ਸੰਸਾਰ ਦਾ ਪਾਤਸ਼ਾਹ ਜੂ ਹੋਇਆ । ਗੁਰੂ ਅਰਜਨ ਜੀ ਵੀ ਨਿਰਭਉ ਸਨ । ਕਿਸੇ ਕੋਲੋਂ, ਕਿਸੇ ਵੇਲੇ, ਕਿਸੇ ਸਥਿਤੀ ਵਿਚ ਵੀ ਉਹ ਨਾ ਘਬਰਾਏ ਤੇ ਨਾ ਡਰੇ । ਵੱਡੇ ਭਰਾ ਪ੍ਰਿਥੀ ਚੰਦ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਨਾਕਾਬੰਦੀ ਕੀਤੀ । ਮਸੰਦਾ ਨੂੰ ਖ਼ਰੀਦ, ਗੁਰੂ ਗੋਲਕ ਉੱਤੇ ਕਬਜ਼ਾ ਕੀਤਾ । ਪਰਚਾਰਕਾਂ ਨੂੰ ਗੁਰੂ ਵਿਰੁੱਧ ਪਰਚਾਰ ਕਰਨ ਲਈ ਭੇਜਿਆ । ਇੱਕੋਂ ਇੱਕ ਸੱਧਰਾਂ ਨਾਲ ਲਏ ਪੁੱਤਰ ਗੁਰੂ ਹਰਿਗੋਬਿੰਦ ਜੀ ਨੂੰ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਵੀ ਉਸ ਨੇ ਕੀਤੀ, ਸਪੇਰਾ ਭੇਜ ਕੇ ਸੱਪ ਰਾਹੀਂ ਡੰਗ ਮਾਰਨ ਦਾ ਉਪਰਾਲਾ ਕਰਵਾਇਆ ਪਰ ਆਪ ਜੀ ਨਾ ਡਰੇ, ਨਿਰਭਉ ਰਹੇ । ਪੱਟੀ ਦਾ ਫ਼ੌਜਦਾਰ ਸੁਲਹੀ ਖ਼ਾਨ ਫ਼ੌਜਾਂ ਲੈ ਕੇ ਅੰਮ੍ਰਿਤਸਰ ਚੜ੍ਹਾਈ ਕਰ ਕੇ ਆਇਆ । ਸੁਲਬੀ ਖ਼ਾਨ ਨੇ ਸਿੱਧਾ ਹਮਲਾ ਵੀ ਕੀਤਾ । ਬੀਰਬਲ ਨੇ ਅੰਮ੍ਰਿਤਸਰ ਤਬਾਹ ਕਰਨ ਦੀ ਗੱਲ ਵੀ ਆਖੀ । ਲਾਹੌਰ ਦੇ ਫ਼ੌਜਦਾਰ ਕੁਲੀ ਖ਼ਾਨ ਨੇ ਰੋਹਬ ਵੀ ਜਤਾਇਆ । ਭਗਤਾਂ ਦੇ ਆਗੂ ਕਾਹਨਾ ਨੇ ਵੀ ਕਈ ਡਰ ਡਰਾਵੇ ਦਿੱਤੇ । ਨਕਸ਼ਬੰਦੀਆਂ ਦੇ ਆਗੂ ਮੌਲਾਨਾ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਪਾਸ ਜਾ ਜ਼ਹਿਰ ਵੀ ਉਘਲਿਆ । ਸ਼ਹਿਜ਼ਾਦਾ ਖ਼ੁੱਰਮ (ਸ਼ਾਹ ਜਹਾਨ) ਨੇ ਵਾਰਨਿੰਗ ਵੀ ਭੇਜੀ । ਦੀਵਾਨ ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਲਈ ਨਾ ਕਬੂਲ ਕਰਨ ਦੀ ਸੂਰਤ ਵਿਚ ਸ਼ਾਹੀ ਅਤਾਬ ਗਿਰਾਉਣ ਦਾ ਡਰ ਵੀ ਦਿੱਤਾ ਅਤੇ ਆਖ਼ਿਰ ਜਹਾਂਗੀਰ ਨੇ ਤੱਤੀਆਂ ਤਵੀਆਂ ਉੱਤੇ ਵੀ ਬਿਠਾਇਆ । ਦੇਗਾਂ ਵਿਚ ਉਬਾਲੇ ਵੀ ਦਿੱਤੇ ਤੇ ਬੰਨ੍ਹ ਰਾਵੀ ਵਿਚ ਰੋੜ੍ਹ ਵੀ ਦਿੱਤਾ ਪਰ ਗੁਰੂ ਅਰਜਨ ਜੀ 'ਨਿਰਭਉ' ਸਨ ਤੇ ਨਿਰਭਉ ਹੀ ਰਹੇ । ਕਿਸੇ ਅੱਗੇ ਨਾ ਝੁਕੇ । ਇਹ ਹੀ ਉਚਾਰਦੇ ਰਹੇ :

ਏਕਾ ਨਿਰਭਉ ਬਾਤ ਸੁਨੀ ।ਸੋ ਸੁਖੀਆ, ਸੋ ਸਦਾ ਸੁਹੇਲਾ
ਜੋ ਗੁਰ ਮਿਲ ਗਾਇ ਗੁਨੀ । (ਮਾਰੂ ਮਹਲਾ ੫, ਘਰ ੨)

ਵਾਹਿਗੁਰੂ ਜਿਥੇ ਨਿਰਭਉ ਹੈ ਉਥੇ ਨਿਰਵੈਰ ਵੀ ਹੈ । ਸਰਬ ਸ਼ਕਤੀਮਾਨ ਹੋ ਕੇ ਉਹ ਕਿਸੇ ਨਾਲ ਵੈਰ ਨਹੀਂ ਕਮਾਉਂਦਾ । ਉਹ ਮਿੱਠ-ਬੋਲੜਾ ਸੱਜਣ ਹੈ, ਕਦੇ ਕੌੜਾ ਨਹੀਂ ਬੋਲਦਾ । ਉਹ ਸਮਦ੍ਰਿਸ਼ਟੀ ਹੈ । ਗੁਰੂ ਅਰਜਨ ਜੀ ਜਿਥੇ ਸਾਰੀ ਉਮਰ 'ਨਿਰਭਉ' ਰਹੇ ਉਥੇ ਉਨ੍ਹਾਂ ਨੇ ਸਾਰੀ ਜ਼ਿੰਦਗੀ ਨਿਰਵੈਰਤਾ ਦਾ ਪਲਾ ਵੀ ਨਾ ਛਡਿਆ । ਵੱਡਾ ਭਰਾ ਈਰਖਾਲੂ ਹੈ, ਈਰਖਾ ਰੱਖਦਾ ਹੈ ਪਰ ਜਦ ਉਹ ਬੀਮਾਰ ਹੋ ਜਾਂਦੇ ਹਨ ਤਾਂ ਨਿਰਵੈਰ ਗੁਰੂ, ਅਰਦਾਸ ਕਰਦੇ ਹਨ ਕਿ ਵੱਡਾ ਭਰਾ ਵਲ ਹੋਵੇ ਤੇ ਉਸ ਦੇ ਵਲ ਹੋ ਜਾਣ ਉੱਤੇ ਸ਼ੁਕਰ ਦਾ ਸ਼ਬਦ ਬਿਲਾਵਲ ਰਾਗ ਵਿਚ ਉਚਾਰਦੇ ਹਨ । ਨਿਰਵੈਰ ਗੁਰੂ ਨੇ ਧਰਮ ਮੰਦਰ ਦੇ ਨਾਲ ਧਰਮ ਪੁਸਤਕ ਨੂੰ ਵੀ 'ਨਿਰਵੈਰ' ਦੀ ਵਿਆਖਿਆ ਚਿੱਤ੍ਰ ਤੇ ਚਿੰਨ੍ਹ ਬਣਾਇਆ । ਭਗਤ ਕਬੀਰ 'ਜੁਲਾਹੇ', ਭਗਤ ਰਵਿਦਾਸ ਜੀ 'ਚਮਿਆਰ', ਭਗਤ ਨਾਮ ਦੇਵ ਜੀ 'ਛੀਂਬੇ', ਭਗਤ ਸਧਨਾ 'ਕਮਾਈ', ਬਾਬਾ ਫ਼ਰੀਦ ਜੀ 'ਮੁਸਲਮਾਨ', ਭਗਤ ਜੈਦੇਵ ਤੇ ਤਿਰਲੋਚਨ ਜੀ ਬ੍ਰਾਹਮਣ, ਭਟ ਕਲ੍ਯਸਾਰ ਤੇ ਮਥਰਾ, ਰਬਾਬੀ ਮਰਦਾਨਾ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਨੂੰ ਇਕ ਥਾਵੇਂ, ਇਕੋਂ ਪੁਸਤਕ, ਇਕੋ ਰਾਗ ਧਰਮਾਂ ਦੇ ਇਤਿਹਾਸ ਵਿਚ ਅਨੋਖਾ ਪਰ ਕੀਮਤੀ ਤਜਰਬਾ ਕੀਤਾ ।

'ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗ ਹਮ ਕਉ ਬਨਿ ਆਈ ।'
(ਸਾਰੰਗ ਮਹਲਾ ੫, ਪੰਨਾ ੧੨੯੯)

ਸਿਰਫ਼ ਉਚਾਰਿਆ ਹੀ ਨਹੀਂ, ਅਮਲ ਵੀ ਕੀਤਾ । 'ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ' ਲਿਖਵਾਇਆ ਹੀ ਨਹੀਂ", ਕਰ ਕੇ ਵੀ ਦਿਖਾਇਆ । ਨਿਰਵੈਰ ਨੇ 'ਜਾਕੀ ਛੋਤ ਜਗਤ ਕੋ ਲਾਗੈ' ਨੂੰ ਛਾਤੀ ਨਾਲ ਲਗਾਇਆ ।

ਇਤਨੇ ਅਥਾਹ ਗੁਣਾਂ ਦੇ ਮਾਲਕ ਹੁੰਦਿਆਂ ਵੀ ਗੁਰੂ ਅਰਜਨ ਦੇਵ ਜੀ 'ਨਿਮਰਤਾ ਤੇ ਹਲੀਮੀਂ' ਦੀ ਮੂਰਤੀ ਸਨ। ਮਹਾਨ ਧਰਮ ਮੰਦਰ ਰਚ ਕੇ, ਮਹਾਨ ਗਰੰਥ ਬਣਾ ਕੇ, ਪਰਉਪਕਾਰ ਦੇ ਅਣਗਿਣਤ ਕੰਮ ਕਰ ਕੇ ਵੀ ਉਨ੍ਹਾਂ ਦੇ ਮੁਖ ਵਿਚ ਸਦਾ 'ਮੈ' ਨਿਰਗੁਣਿਆਰੇ ਕੋ ਗੁਣ ਨਾਹੀ' ਦੇ ਹੀ ਸ਼ਬਦ ਸਨ। 'ਗਰੀਬੀ ਗਦਾ ਹਮਾਰੀ ਖੰਨਾ ਸਗਲ ਰੇਨ ਛਾਰੀ' ਉਨ੍ਹਾਂ ਦਾ ਨਾਅਰਾ ਸੀ। ਉਹ ਫ਼ਰਮਾਇਆ ਕਰਦੇ ਸਨ ਕਿ ਗ਼ਰੀਬੀ ਹੀ ਉਨ੍ਹਾਂ ਦਾ ਗੁਰਜ ਹੈ ਤੇ ਸੰਗਤਾਂ ਦੀ ਧੂੜ ਖੜਗ ਹੈ, ਖੰਡਾ ਹੈ। ਇਸ ਖੰਡੇ (ਲੋਕ-ਸ਼ਕਤੀ) ਤੇ ਗੁਰਜ (ਪਵਿਤ੍ਰਤਾ ਤੇ ਨਿਮਰਤਾ) ਤੋਂ ਹੀ ਡਰਿਆ ਸੀ, ਵਕਤ ਦਾ ਬਾਦਸ਼ਾਹ ਜਹਾਂਗੀਰ। ਜਹਾਂਗੀਰ ਬਾਦਸ਼ਾਹ ਬਣਨ ਤੋਂ ਪਹਿਲਾਂ ਹੀ ਸਮੇਂ ਦੀ ਤਲਾਸ਼ ਵਿਚ ਸੀ ਤਾਕਿ ਇਸ ਵੱਧ ਰਹੀ ਸ਼ਕਤੀ ਨੂੰ ਰੋਕਿਆ ਜਾਏ। 'ਖ਼ੁਸਰੋ ਦੀ ਮਦਦ' ਕਰਨ ਦੇ ਦੋਸ਼ ਦਾ ਬਹਾਨਾ ਮਿਲਣ ਉੱਤੇ ਉਸ ਨੇ ਗੁਰੂ ਅਰਜਨ ਜੀ ਨੂੰ ੩੦ ਮਈ, ੧੬੦੬ ਜੇਠ ਸੁਦੀ ਚੌਥ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਜਹਾਂਗੀਰ ਭੁੱਲ ਗਿਆ ਕਿ ਸ਼ਹੀਦੀ ਖ਼ੂਨ ਵਿਚ ਐਸੀ ਸ਼ਕਤੀ ਹੈ ਜੋ ਹਜ਼ਾਰਾਂ ਸ਼ਹੀਦ ਪੈਦਾ ਕਰ ਕੇ ਜ਼ੁਲਮ ਤੇ ਜ਼ਾਲਮਾਂ ਦੋਵਾਂ ਨੂੰ ਹੀ ਰੋੜ੍ਹ ਕੇ ਲੈ ਜਾਂਦੀ ਹੈ। ਗੁਰੂ ਅਰਜਨ ਜੀ ਸਾਹਮਣੇ ਜਦ ਜਹਾਂਗੀਰ ਨੇ ਗੁਰੂ ਗਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਖ਼ੁਸ਼ਾਮਦ ਦੇ ਸ਼ਬਦ ਦਰਜ ਕਰਨ, ਚੰਦੂ ਦੀ ਲੜਕੀ ਦਾ ਰਿਸ਼ਤਾ ਕਬੂਲ ਕਰਨ ਅਤੇ ਖੁਸਰੋ ਦੀ ਮਦਦ ਕਰਨ ਦੇ ਦੋਸ਼ ਵਿਰੁੱਧ ਤਸੀਹੇ ਦੇ ਕੇ ਮਾਰਨ ਦਾ ਫ਼ਰਮਾਨ ਸੁਣਾਇਆ ਤਾਂ ਆਪ ਜੀ ਨੇ ਸ਼ਹੀਦੀ ਵਾਲਾ ਰਸਤਾ ਅਪਨਾਣਾ ਹੀ ਯੋਗ ਸਮਝਿਆ।

'ਆਤਮਾ ਸਦਾ ਅਸੰਗ ਹੈ, ਤਨ ਮਿਥਿਆ ਪਰਪੰਚ', ਆਪ ਜੀ ਦਾ ਹੀ ਫ਼ਰਮਾਨ ਹੈ।

'ਅਸੂਲ ਉੱਤੇ ਡੱਟਣ ਤੇ ਫਿਰ ਅਸੂਲ ਲਈ ਹੀ ਮਰ ਮਿਟਣ ਦੀ ਜਾਚ ਆਪ ਜੀ ਨੇ ਸ਼ਹੀਦੀ ਸਵੀਕਾਰ ਕਰ ਸਿਖਲਾ ਦਿੱਤੀ। ਅਸੂਲਾਂ ਲਈ ਜਿਊਣਾ ਹੈ ਅਤੇ ਉਨ੍ਹਾਂ ਅਸੂਲਾਂ ਲਈ ਪਹਿਰਾ ਦਿੰਦੇ ਹੋਏ ਮਰ ਜਾਣਾ ਹੀ ਸਹੀ ਮਰਨਾ ਹੈ। ਇਹ ਹੀ 'ਐਸੀ ਮਰਨੀ' ਹੈ ਜਿਸ ਨੂੰ ਕਬੀਰ ਜੀ ਮਰਨੀ ਕਹਿੰਦੇ ਹਨ। ਐਸੀ ਮਰਨੀ ਨਾਲ ਹੀ ਫਿਰ ਮਰਨਾ ਨਹੀਂ ਹੁੰਦਾ।

'ਐਸੀ ਮਰਨੀ ਜੋ ਮਰੇ ਬਹੁਰ ਨਾ ਮਰਨਾ ਹੋਇ'। ਇਸੇ ਕਾਰਨ ਸੰਸਾਰ ਦੇ ਪ੍ਰਸਿੱਧ **ਸਾਹਿੱਤਕਾਰ ਸ਼ੈਕਸਪੀਅਰ ਨੇ ਕਹਿਆ ਸੀ 'ਬੁਜ਼ਦਿਲ ਹਜ਼ਾਰਾਂ ਵਾਰੀ ਮਰਦਾ ਤੇ ਬਹਾਦਰ ਇਕੋ ਵਾਰ'**। ਗੁਰੂ ਅਰਜਨ ਜੀ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲ ਕੇ ਹੀ ਕੌਮ ਚੜ੍ਹਦੀ ਕਲਾ ਵਿਚ ਗਈ ਤੇ ਅੱਜ ਵੀ ਉਨ੍ਹਾਂ ਹੀ ਅਸੂਲਾਂ ਨੂੰ ਅਪਣਾ ਕੇ ਚੜ੍ਹਦੀ ਕਲਾ ਵਿਚ ਰੱਖੀ ਅਤੇ ਲੈ ਜਾਈ ਜਾ ਸਕਦੀ ਹੈ।

ਇਹ ਹੀ ਕਾਰਨ ਲੱਗਦਾ ਹੈ ਕਿ ਜਦ ਲਾਹੌਰ ਵਿਖੇ, ਰਾਵੀ ਕਿਨਾਰੇ, ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਯਾਦ ਪੱਕਿਆਂ ਕਰਨ ਲਈ, ਕਿਲ੍ਹੇ ਸਾਮ੍ਹਣੇ ਦੇਹੁਰਾ ਸਾਹਿਬ (ਡੇਰਾ ਸਾਹਿਬ) ਉਸਾਰਿਆ ਗਿਆ ਤਾਂ ਕੌਮ ਦੇ ਵਿਦਵਾਨਾਂ ਨੇ ਗੁਰੂ ਅਰਜਨ ਜੀ ਦੀ ਆਪਣੀ ਰਚਨਾ ਦਾ ਸੋਰਠਿ ਰਾਗ ਦਾ ਸ਼ਬਦ ਲਿਖਿਆ ਜੋ ਗੁਰੂ ਮਹਾਰਾਜ ਦੀ ਦਿੱਤੀ ਸ਼ਹਾਦਤ, ਉਨ੍ਹਾਂ ਦੇ ਇਸਤਕਲਾਲ ਦੀ ਦਾਸਤਾਨ ਤਾਂ ਦੱਸਦਾ ਹੀ ਹੈ ਪਰ ਨਾਲ ਇਹ ਵੀ ਦਰਸਾ ਰਹਿਆ ਹੈ ਕਿ ਇਸ ਸ਼ਹਾਦਤ ਦੇ ਸਦਕੇ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਝੰਡਾ ਸਾਰੇ ਸੰਸਾਰ ਤੇ ਝੁੱਲਿਆ। ਗੁਰੂ ਨਾਨਕ ਦੀ ਵਡਿਆਈ, ਜੋ ਕਿਹਾ, ਉਹ ਕਰ ਦਿਖਾਇਆ, ਸਾਰੇ ਜਗਤ ਪ੍ਰਗਟ ਹੋਈ :

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ ਅੰਗ ੬੧੧

ਧੰਨਵਾਦਿ ਸਹਿਤ ਵਿੱਚੋ:-
'ਖਾਲਸੇ ਦੀ ਵਾਸੀ'

# ਦਸਵੰਧ

**ਹਰੀ ਸਿੰਘ (ਕੁਵੈਤ ਵਾਲੇ)**

ਦਾਨ ਕਰਨ ਦੀ ਰੀਤ ਤਾਂ ਬਹੁਤ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ, ਪਰ ਦਾਨ ਕਰਨ ਨਾਲ ਬਹੁਤੀ ਵਾਰ ਦਾਨੀ ਮਨੁੱਖ ਦੇ ਮਨ ਵਿਚ ਹੰਕਾਰ ਆ ਜਾਂਦਾ ਹੈ ਕਿ ਮੈਂ ਬਹੁਤ ਵੱਡਾ ਦਾਨੀ ਹਾਂ। ਇਹ ਤਾਂ ਅਸੀਂ ਪੁੰਨ ਕਰਦੇ ਹੋਏ ਪਾਪੀ ਹੋ ਗਏ। ਇਹ ਹੰਕਾਰ ਮਨ ਨੂੰ ਮਲੀਨ ਕਰਦਾ ਹੈ ਤੇ ਇਸ ਅਧੀਨ ਕੀਤਾ ਹੋਇਆ ਦਾਨ ਕਿਸੇ ਅਰਥ ਨਹੀਂ ਆ ਸਕਦਾ। ਜਿਵੇਂ :-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

ਸੋ ਇਸ ਹੰਕਾਰ ਦੇ ਦੀਰਘ ਰੋਗ ਤੋਂ ਬਚਣ ਲਈ, ਸਿੱਖ ਸਦਾਚਾਰ ਬਾਰੇ ਜਾਰੀ ਕੀਤੇ ਹੋਏ ਅਨੇਕਾਂ ਰਹਿਤਨਾਮੇ ਮਿਲਦੇ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਰ ਗੁਰਸਿੱਖ ਉਪਰ ਦਸਵੰਧ ਕੱਢਣ ਦੀ ਬੰਦਿਸ਼ ਲਾਗੂ ਕੀਤੀ। ਗੁਰੂ ਜੀ ਦਾ ਆਪਣੇ ਸਿੱਖਾਂ ਲਈ ਹੁਕਮ ਹੈ ਕਿ ਜਿਵੇਂ ਉਨ੍ਹਾਂ ਨੇ ਦਿਨ ਰਾਤ ਦੇ 24 ਘੰਟਿਆਂ ਦੇ ਸਮੇਂ ਦਾ ਦਸਵਾਂ ਹਿੱਸਾ ਅਰਥਾਤ ਢਾਈ ਘੰਟੇ ਹਰ ਰੋਜ਼ ਭਗਤੀ ਵੱਲ ਲਗਾਉਣੇ ਹਨ ਤਿਵੇਂ ਲਾਜ਼ਮੀ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਵੀ ਦਸਵਾਂ ਹਿੱਸਾ ਗੁਰੂ ਨੂੰ ਅਰਪਨ ਕਰਨਾ ਹੈ ਤੇ ਉਸ ਨੂੰ ਆਪਣਾ ਨਹੀਂ ਸਮਝਣਾ। ਐ ਗੁਰਸਿੱਖ ! ਤੂੰ ਆਪਣੀ ਕਮਾਈ ਵਿੱਚੋਂ ਨੌ ਹਿੱਸੇ ਆਪਣੇ ਪਾਸ ਰੱਖ ਤੇ ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ, ਪਰ ਕੇਵਲ ਇਕ ਹਿੱਸਾ, ਅਰਥਾਤ ਦਸਵੰਧ ਤੇਰੇ ਪਾਸ ਗੁਰੂ ਦੀ ਅਮਾਨਤ ਹੈ ਤੇ ਇਸ ਮਾਇਆ ਨੂੰ ਧਾਰਮਿਕ ਕਾਰਜਾਂ ਅਤੇ ਲੋੜਵੰਦਾਂ ਨਮਿਤ ਖ਼ਰਚ ਕਰਨਾ ਹੈ। ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦਾ ਹੈ ਤੇ ਇਸ ਲਈ ਉਸ ਦੀ ਕੀਤੀ ਸਹਾਇਤਾ ਗੁਰੂ ਤੱਕ ਪੁੱਜਦੀ ਹੈ। ਇਸ ਬਾਰੇ ਭਾਈ ਦੇਸਾ ਸਿੰਘ ਰਹਿਤਨਾਮੇ ਵਿਚ ਬਿਆਨ ਕਰਦੇ ਹਨ :-

ਦਸ ਨਖ ਕਰ ਜੋ ਕਾਰ ਕਮਾਵੈ, ਤਾਂ ਕਰ ਜੋ ਧਨ ਘਰ ਮੈ ਆਵੈ।

ਤਿਸ ਤੇ ਗੁਰੁ ਦਸੌਂਧ ਜੋ ਦੇਈ, ਸਿੰਘ ਸੁ ਯਸ ਬਹੁ ਜਗ ਮਹਿ ਲੇਈ।

ਜਦੋਂ ਇਸ ਭਾਵਨਾ ਨਾਲ ਦਸਵੰਧ ਦੀ ਮਾਇਆ ਵਰਤੀ ਜਾਵੇਗੀ ਤਾਂ ਸੁਤੇ-ਸਿੱਧ ਹੀ ਮਨ ਵਿਚ ਭਗਤ ਕਬੀਰ ਜੀ ਵਾਲੀ ਭਾਵਨਾ ਬਣੀ ਰਹੇਗੀ :-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ॥

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥

ਇਸ ਪ੍ਰਕਾਰ ਦਾਨ ਕਰਕੇ ਸਾਡੇ ਮਨ ਵਿਚ ਹੰਕਾਰ ਦੀ ਥਾਂ ਨਿਮਰਤਾ ਆਵੇਗੀ ਕਿ ਅਸੀ ਗੁਰੂ ਦੀ ਅਮਾਨਤ ਗੁਰੂ ਨੂੰ ਵਾਪਸ ਕਰਕੇ ਸੁਰਖਰੂ ਹੋ ਗਏ :-

ਪਰਾਈ ਅਮਾਣ ਕਿਉਂ ਰਖੀਐ ਦਿਤੀ ਹੀ ਸੁਖੁ ਹੋਇ ॥ (ਅੰਗ-੧੨੪੯)

ਇਕ ਕਰੋੜਪਤੀ ਦੀ ਹਰ ਮਹੀਨੇ ਦੀ ਪੰਜ ਲੱਖ ਦੀ ਆਮਦਨ ਹੈ ਤੇ ਦੂਸਰੇ ਪਾਸੇ ਇਕ ਗ਼ਰੀਬ ਮਜ਼ਦੂਰ ਕੇਵਲ ਇਕ ਹਜ਼ਾਰ ਰੁਪਿਆ ਮਹੀਨਾ ਹੀ ਕਮਾਉਂਦਾ ਹੈ। ਹੁਣ ਕਰੋੜਪਤੀ ਦਾ ਆਪਣੀ ਕਮਾਈ ਵਿੱਚੋਂ ਪੰਜਾਹ ਹਜ਼ਾਰ ਰੁਪਏ ਤੇ ਗਰੀਬ ਦਾ ਇਕ ਸੋ ਰੁਪਿਆ ਦਾਨ ਕੀਤਾ ਇਕ ਬਰਾਬਰ ਹੈ ਕਿਉਂਕਿ ਦੋਹਾਂ ਦਾ ਦਸਵੰਧ ਬਰਾਬਰ ਹੈ। ਇਸ ਲਈ ਇਹ ਨਾ ਸੋਚੋ ਕਿ ਕਰੋੜਪਤੀ ਬਹੁਤ ਵੱਡਾ ਦਾਨੀ ਹੈ। ਸੱਚ ਇਹ ਹੈ ਕਿ ਜੇਕਰ ਗਰੀਬ ਆਪਣੇ ਇੱਕ ਹਜ਼ਾਰ ਵਿੱਚੋਂ ਦੋ ਸੋ ਦਾਨ ਕਰ ਦਿੰਦਾ ਹੈ ਤਾਂ ਉਹ ਪਹਿਲੇ ਦੇ ਮੁਕਾਬਲੇ ਮਹਾਂ ਦਾਨੀ ਹੈ।

ਸਿਆਣਿਆਂ ਦਾ ਕਹਿਣਾ ਹੈ ਕਿ ਦਾਨ ਕੀਤਿਆਂ ਸਾਡੀ ਪੂੰਜੀ ਕਦੀ ਘਟਦੀ ਨਹੀਂ, ਸਗੋਂ ਵਧਦੀ ਹੈ। ਭਾਵੇਂ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਪਰ ਪਰਤਾ ਕੇ ਵੇਖਿਆਂ, ਇਹ ਬਿਲਕੁਲ ਸੱਚ ਸਾਬਤ ਹੁੰਦੀ ਹੈ। ਇਸੇ ਤਰ੍ਹਾਂ ਦਸਵੰਧ ਦਾ ਰਖਿਆ ਹੋਇਆ ਹਿੱਸਾ, ਕਈ ਗੁਣਾਂ ਵੱਧ ਹੋ ਕੇ ਕਈ ਪ੍ਰਕਾਰ ਨਾਲ ਮਿਲਦਾ ਰਹਿੰਦਾ ਹੈ।

ਇਹ ਗੱਲ ਮੈਂ ਖੁਦ ਅਜ਼ਮਾ ਕੇ ਵੇਖੀ ਹੈ। ਮੇਰੇ ਜੀਵਨ ਦੇ ਪਹਿਲੇ 30 ਸਾਲ ਸਿੱਖੀ ਜੀਵਨ ਤੋਂ ਬਿਲਕੁਲ ਕੋਰੇ ਰਹੇ ਹਨ। ਪਰ ਫਿਰ ਹੋਲੀ-ਹੋਲੀ ਐਸੀ ਮਿਹਰ ਹੋਈ ਕਿ ਸਿੱਖੀ ਦੇ ਜੋ ਵੀ ਅਸੂਲਾਂ ਜਾਂ ਸਿਧਾਂਤਾਂ ਬਾਰੇ ਪਤਾ ਲੱਗਦਾ ਗਿਆ, ਉਹ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਜਦ ਦਸਵੰਧ ਬਾਰੇ ਪਤਾ ਲੱਗਾ ਤਾਂ ਇਕਦਮ ਮਨ ਬਣ ਗਿਆ ਕਿ ਇਹ ਕੱਢਣਾ ਆਰੰਭ ਕਰੀਏ, ਪਰ ਮੁਸ਼ਕਲ ਇਹ ਸੀ ਕਿ ਤਨਖਾਹ ਥੋੜੀ ਸੀ ਤੇ ਪਹਿਲਾਂ ਹੀ ਘਰ ਦਾ ਖਰਚਾ ਮਸਾਂ-ਮਸਾਂ ਪੂਰਾ ਹੁੰਦਾ ਸੀ। ਖੈਰ, ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਜੇ ਮੇਰੀ ਤਨਖਾਹ 20 ਪ੍ਰਤੀਸ਼ਤ ਵੱਧ ਜਾਵੇ ਤਾਂ ਆਪ ਦਾ ਦਸਵੰਧ ਰੱਖਣ ਲੱਗ ਜਾਵਾਂਗਾ। ਭਾਵੇਂ ਦਸਵੰਧ ਦੇ ਨਾਲ ਆਪਣਾ ਵੀ 10 ਪ੍ਰਤੀਸ਼ਤ ਵਧਾ ਲਿਆ ਸੀ ਪਰ ਫਿਰ ਵੀ ਸੁਣੀ ਗਈ। ਇਕ ਮਹੀਨੇ ਦੇ ਅੰਦਰ ਹੀ ਜੋ ਮੰਗਿਆ ਸੀ, ਮਿਲ ਗਿਆ। ਇਕ ਵੱਖਰਾ ਪਰਸ ਅਲਮਾਰੀ ਵਿਚ ਰੱਖ ਦਿੱਤਾ ਗਿਆ, ਜਿਸ ਵਿਚ ਹਰ ਮਹੀਨੇ ਦਸਵੰਧ ਦੇ ਪੈਸੇ ਜਮਾਂ ਹੋਣ ਲੱਗ ਗਏ।

ਇਸ ਦਾ ਸਭ ਤੋਂ ਵੱਡਾ ਇਹ ਲਾਭ ਹੋਇਆ ਕਿ ਅੱਜ ਤੱਕ ਕਦੇ ਮਾਇਕ ਤੋਟ ਨਹੀਂ ਆਈ। ਐਸੇ ਐਸੇ ਕੰਮਾਂ ਵਿਚ ਅਣਗਿਣਤ ਲਾਭ ਹੋਇਆ ਜਿਨ੍ਹਾਂ ਵਿੱਚੋਂ ਕਦੇ ਕੁਝ ਮਿਲਣ ਦੀ ਕੋਈ ਆਸ ਨਹੀਂ ਸੀ। ਮੈਨੂੰ ਵੇਖ ਕੇ ਦੋਹਾਂ ਬੇਟਿਆਂ ਨੂੰ ਪ੍ਰੇਰਨਾ ਮਿਲੀ ਤੇ ਉਹ ਵੀ ਆਪਣੀ ਪਹਿਲੀ ਕਮਾਈ ਤੋਂ ਲੈ ਕੇ ਲਗਾਤਾਰ ਦਸਵੰਧ ਰੱਖਦੇ ਆ ਰਹੇ ਹਨ। ਉਨ੍ਹਾਂ ਬਾਰੇ ਇਹ ਕਿਹਾ ਜਾਵੇ ਕਿ ਇਸਦੀ ਬਰਕਤ ਦੁਆਰਾ ਉਹ ਅੱਜ ਮਾਇਆ ਵਿਚ ਖੇਡਦੇ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਕ ਗਰੀਬ ਬੱਚਾ ਕਾਲਜ ਵਿਚ ਪੜ੍ਹਦਾ ਸੀ। ਪੜ੍ਹਨ ਵਿਚ ਤਾਂ ਬਹੁਤ ਹੁਸ਼ਿਆਰ ਸੀ ਪਰ ਮਾਤਾ ਪਿਤਾ ਖਰਚਾ ਨਹੀਂ ਦੇ ਸਕਦੇ ਸਨ। ਉਸ ਬੱਚੇ ਲਈ ਤਿੰਨ ਸਾਲ ਇਸੇ ਦਸਵੰਧ ਵਿੱਚੋਂ ਖ਼ਰਚਾ ਦਿੰਦੇ ਰਹੇ। ਪੜ੍ਹਾਈ ਪੂਰੀ ਕਰਕੇ, ਉਹ ਬਹੁਤ ਚੰਗੀ ਨੌਕਰੀ ਤੇ ਲੱਗ ਗਿਆ। ਇਕ ਦਿਨ ਕਹਿਣ ਲੱਗਾ ਕਿ ਤੁਸੀ ਮੇਰੇ ਤੇ ਇਤਨਾ ਖਰਚਾ ਕੀਤਾ ਸੀ ਤੇ ਹੁਣ ਮੈਂ ਇਹ ਪੈਸੇ ਆਪ ਨੂੰ ਵਾਪਸ ਦੇਣੇ ਚਾਹੁੰਦਾ ਹਾਂ। ਆਪ ਇਹ ਪੈਸੇ ਲੈ ਲਵੋ। ਮੈਂ ਸਮਝਾਇਆ ਕਿ ਪੈਸੇ ਮੈਂ ਆਪਣੇ ਪਾਸੋਂ ਨਹੀਂ ਦਿੱਤੇ ਸਨ। ਇਹ ਬਾਬਾ ਜੀ ਦੇ ਫੰਡ ਦੀ ਬਰਕਤ ਹੈ। ਹਾਂ, ਇਹ ਗੱਲ ਜ਼ਰੂਰ ਕਹਾਂਗਾ ਕਿ ਜੇ ਤੂੰ ਕੁਝ ਅਹਿਸਾਨ ਮੰਨਦਾ ਹੈ ਤਾਂ ਵੀ ਅੱਜ ਤੋਂ ਗੁਰੂ ਦੇ ਨਾਮ ਤੇ ਦਸਵੰਧ ਕੱਢਣਾ ਸ਼ੁਰੂ ਕਰ ਦੇਹ। ਇਹ ਜੋ ਸਾਡੀ ਕਮਾਈ ਦਾ ਦਸਵਾਂ ਹਿੱਸਾ ਹੈ, ਉਸ ਤੇ ਸਾਡਾ ਕੋਈ ਅਧਿਕਾਰ ਨਹੀਂ। ਮੈਂ ਵੇਖ ਰਿਹਾ ਹਾਂ ਕਿ ਉਹ ਲਗਾਤਾਰ ਦਸਵੰਧ ਰੱਖਦਾ ਆ ਰਿਹਾ ਹੈ ਤੇ ਦਿਨ ਪ੍ਰਤੀ ਦਿਨ ਤਰੱਕੀ ਕਰਦਾ ਜਾ ਰਿਹਾ ਹੈ।

ਕਈ ਸੱਜਣ ਦਾਅਵਾ ਕਰਦੇ ਹਨ ਕਿ ਭਾਵੇਂ ਉਹ ਦਸਵੰਧ ਨਹੀਂ ਰੱਖਦੇ ਪਰ ਅਕਸਰ ਦਾਨ ਕਰਦੇ ਰਹਿੰਦੇ ਹਨ ਜੋ ਦਸਵੰਧ ਨਾਲੋਂ ਵੀ ਜ਼ਿਆਦਾ ਹੋ ਜਾਂਦਾ ਹੈ। ਬਹੁਤ ਚੰਗੀ ਗੱਲ ਹੈ। ਐਸੇ ਲੋਕਾਂ ਨੂੰ ਇਹ ਮੁਸ਼ਕਿਲ ਆ ਸਕਦੀ ਹੈ ਕਿ ਫ਼ਰਜ਼ ਕਰੋ ਕਿ ਉਹ ਕਿਸੇ ਦੀ ਸਹਾਇਤਾ ਕਰਨੀ ਚਾਹੁੰਦੇ ਹਨ ਪਰ ਹੋ ਸਕਦਾ ਹੈ ਉਸ ਸਮੇਂ ਪਾਸ ਪੈਸੇ ਨਾ ਹੋਣ। ਇਸ ਲਈ ਸਿਆਣਪ ਇਹੋ ਹੀ ਹੈ ਕਿ ਇਹ ਦਸਵੰਧ ਰੱਖਿਆ ਜਾਵੇ ਤੇ ਇਨ੍ਹਾਂ ਪੈਸਿਆਂ ਦਾ ਬੈਂਕ ਵਿਚ ਇਕ ਵੱਖਰਾ ਹਿਸਾਬ ਹੋਵੇ ਜਾਂ ਘਰ ਵਿਚ ਇਕ ਵੱਖਰਾ ਪਰਸ ਰੱਖਿਆ ਜਾਵੇ ਤੇ ਹਰ ਮਹੀਨੇ ਉਥੇ ਪੈਸੇ ਜਮਾਂ ਹੁੰਦੇ ਰਹਿਣ। ਇਸ ਤਰ੍ਹਾਂ ਲੋੜ ਸਮੇਂ ਤੁਰੰਤ ਉਥੋਂ ਦਾਨ ਕੀਤਾ ਜਾ ਸਕਦਾ ਹੈ।

ਇਸ ਦਸਵੰਧ ਦੇ ਰੱਖੇ ਹੋਏ ਪੈਸਿਆਂ ਨੂੰ ਜੇ ਕਰ ਬਾਬਾ ਜੀ ਦਾ ਫ਼ੰਡ ਕਰ ਕੇ ਕਿਹਾ ਜਾਵੇ ਤਾਂ ਹੋਰ ਵੀ ਚੰਗਾ ਹੈ। ਹੁਣ ਜੇ ਘਰ ਵਿਚ ਇਹ ਫ਼ੰਡ ਪਿਆ ਹੋਵੇ ਤਾਂ ਆਪਣੀ ਜਾਂ ਕਿਸੇ ਹੋਰ ਦੀ ਕਿਸੇ ਮੁਸੀਬਤ ਵੇਲੇ, ਇਸ ਵਿੱਚੋਂ ਪੈਸੇ ਉਧਾਰੇ ਦਿੱਤੇ ਜਾ ਸਕਦੇ ਹਨ। ਮੈਨੂੰ ਯਾਦ ਹੈ ਕਿ ਜਦ 1990 ਵਿਚ ਈਰਾਕ ਨੇ ਕੁਵੈਤ ਉਪਰ ਹਮਲਾ ਕੀਤਾ ਤਾਂ ਕੇਵਲ ਦੋ ਘੰਟਿਆਂ ਦੀ ਲੜਾਈ ਮਗਰੋਂ ਹੀ, ਸਵੇਰੇ ਪੰਜ ਬਜੇ ਈਰਾਕੀ ਫ਼ੌਜਾਂ ਸ਼ਹਿਰ ਅੰਦਰ ਦਾਖਲ ਹੋ ਗਈਆਂ। ਸਾਰਾ ਕਾਰੋਬਾਰ ਠੱਪ ਤੇ ਬੈਂਕ ਬੰਦ ਹੋ ਗਏ। ਆਮ ਲੋਕ ਘਰਾਂ ਵਿਚ ਪੈਸੇ ਘੱਟ ਹੀ ਰੱਖਦੇ ਸਨ, ਕਿਉਂਕਿ ਥਾਂ-ਥਾਂ ਤੇ ਏ.ਟੀ.ਐਮ. ਰਾਹੀ ਬੜੀ ਆਸਾਨੀ ਨਾਲ ਹਰ ਸਮੇਂ ਪੈਸੇ ਕਢਾਏ ਜਾ ਸਕਦੇ ਸਨ। ਦੋਹਾਂ ਦੇਸ਼ਾਂ ਦੀ ਸੁਲਾਹ ਹੁੰਦੀ ਨਜ਼ਰ ਨਹੀਂ ਆ ਰਹੀ ਸੀ ਤੇ ਲੋਕਾਂ ਪਾਸ ਪੈਸੇ ਖ਼ਤਮ ਹੋ ਚੁੱਕੇ ਸਨ। ਲੱਖਪਤੀ ਕੱਖਪਤੀ ਬਣ ਗਏ। ਸਾਡੀ ਵੀ ਇਹੋ ਹਾਲਤ ਸੀ। ਉਸ ਮੁਸੀਬਤ ਵੇਲੇ ਅਸੀਂ ਬਾਬਾ ਜੀ ਦੇ ਪਰਸ ਵੱਲ ਵੇਖਿਆ ਤਾਂ ਉਸ ਵਿਚ ਇਕ ਹਜ਼ਾਰ ਦੀਨਾਰ (ਕੁਵੈਤ ਦੀ ਕਰੰਸੀ) ਪਿਆ ਸੀ। ਦਿਲ ਨੂੰ ਕੁਝ ਤਸੱਲੀ ਹੋਈ ਕਿ ਚੱਲੋ ਇਸ ਮਾਇਆ ਨਾਲ ਆਪਣਾ ਤੇ ਦੂਸਰਿਆਂ ਦਾ ਕੁਝ ਸਹਾਰਾ ਬਣ ਸਕੇਗਾ। ਉਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਕੁਵੈਤ ਦੀ ਕਰੰਸੀ ਦੀ ਕੀਮਤ ਜ਼ੀਰੋ ਹੋ ਗਈ ਤੇ ਪੈਸੇ ਕੰਮ ਨਾ ਆਏ।

ਇਸ ਦਸਵੰਧ ਦੇ ਪੈਸਿਆਂ ਦੇ ਬਲਬੂਤੇ ਤੇ ਹੀ ਕਈ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਇਲਾਵਾ, ਕਈ ਐਸੇ ਲੋਕ-ਭਲਾਈ ਦੇ ਕੰਮ ਸਿਰੇ ਚੜ੍ਹੇ ਹਨ, ਜਿਨ੍ਹਾਂ ਬਾਰੇ ਕਦੇ ਸੋਚ ਵੀ ਨਹੀਂ ਸਕਦਾ ਸੀ। ਹੋਰ ਵੇਖਿਆ ਹੈ ਕਿ ਜੋ ਵੀ ਕੋਈ ਐਸੇ ਕਾਰਜ, ਵਾਹਿਗੁਰੂ ਜੀ ਦੀ ਓਟ ਆਸਰਾ ਲੈ ਕੇ ਆਰੰਭ ਕਰੋ ਤਾਂ ਉਸ ਵੱਲੋਂ ਐਸੇ ਵਸੀਲੇ ਬਣਾਏ ਜਾਂਦੇ ਹਨ ਕਿ ਅਸੀਂ ਵੇਖ ਕੇ ਅਸਚਰਜ ਰਹਿ ਜਾਂਦੇ ਹਾਂ।

ਇਸ ਸੰਬੰਧ ਵਿਚ ਮੈਂ ਆਪਣੇ ਪਿੰਡ ਤਲਵੰਡੀ ਜੱਟਾਂ, ਹੁਸ਼ਿਆਰਪੁਰ ਬਾਰੇ ਦੱਸਣਾ ਚਾਹਾਂਗਾ, ਜਿਥੇ ਮੈਂ ਆਪਣੇ ਬਚਪਨ ਦੇ 6/7 ਸਾਲ ਗੁਜ਼ਾਰੇ ਸਨ। ਇਕ ਵਾਰ 1992 ਵਿਚ ਘੁੰਮਦੇ ਘੁੰਮਾਂਦੇ ਪਰਿਵਾਰ ਸਮੇਤ ਪਿੰਡ ਚਲੇ ਗਏ। ਸਾਡਾ ਘਰ ਤਾਂ ਲਾਗਲੇ ਗੁਆਂਢੀਆਂ ਨੇ ਸੰਭਾਲਿਆ ਹੋਇਆ ਸੀ। ਖੈਰ, ਪੁਰਾਣੇ ਸਾਥੀਆਂ ਨੂੰ ਮਿਲ ਕੇ ਦਿਲ ਬੜਾ ਖੁਸ਼ ਹੋਇਆ। ਫਿਰ ਆਪਣਾ ਸਕੂਲ ਵੇਖਣ ਗਏ। ਜਦ ਉਥੇ ਪੁੱਜੇ ਤਾਂ ਇਵੇਂ ਮਹਿਸੂਸ ਹੋਵੇ ਕਿ ਜਿਵੇਂ ਇਥੇ 50 ਸਾਲ ਬਾਅਦ ਨਹੀਂ ਬਲਕਿ ਕੇਵਲ ਪੰਜਾਂ ਦਿਨਾਂ ਬਾਅਦ ਆਏ ਹਾਂ। ਹੋਰ ਬੜੀ ਹੈਰਾਨੀ ਤੇ ਦੁੱਖ ਹੋਇਆ ਕਿ ਜਿਵੇਂ ਸਾਡੇ ਜਮਾਨੇ ਵਿਚ ਇਕੋ ਹੀ ਕਮਰਾ ਹੁੰਦਾ ਸੀ ਤਿਵੇਂ ਹੁਣ ਵੀ ਉਹ ਇੱਕੋ ਹੀ ਹੈ। ਬੱਚੇ ਸਾਡੇ ਵਾਂਗ ਹੀ ਦਰਖਤਾਂ ਦੀ ਛਾਵੇਂ ਰੇਤ ਤੇ ਬੈਠੇ ਪੜ੍ਹ ਰਹੇ ਸਨ। ਸਰਪੰਚ ਨਾਲ ਗੱਲ ਬਾਤ ਹੋਈ ਕਿ ਅਸੀ ਪਿੰਡ ਲਈ ਕੁਝ ਕਰਨਾ ਚਾਹੁੰਦੇ ਹਾਂ। ਉਸ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸਕੂਲ ਨੂੰ ਅਪਗਰੇਡ ਕਰਵਾ ਕੇ ਅੱਠਵੀਂ ਕਲਾਸ ਤੱਕ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਚਾਰ ਨਵੇਂ ਕਮਰੇ ਬਣਾਉਣੇ ਹੋਣਗੇ। ਸਰਪੰਚ ਨੂੰ ਕਿਹਾ ਕਿ ਕਮਰੇ ਆਰੰਭ ਕਰੋ ਤੇ ਮਾਇਆ ਦੀ ਚਿੰਤਾ ਨਾ ਕਰੋ। ਜਦੋਂ ਕੰਮ ਆਰੰਭ ਹੋਇਆ ਤਾਂ ਪਿੰਡ ਵਾਸੀਆਂ ਨੇ ਹੀ ਮਿਲ ਕੇ ਸਾਰੇ ਖਰਚੇ ਦਾ ਪ੍ਰਬੰਧ ਕਰ ਲਿਆ ਤੇ ਮੈਨੂੰ ਦਸਵੰਧ ਵਿਚੋਂ ਸੇਵਾ ਕਰਨ ਦਾ ਅਵਸਰ ਹੀ ਨਾ ਮਿਲਿਆ। ਖੈਰ, ਕਮਰੇ ਤਿਆਰ ਹੋ ਗਏ। ਐਮ.ਐਲ.ਏ. ਨੂੰ ਮਿਲ ਕੇ ਸਕੂਲ ਅਪਗਰੇਡ ਹੋ ਗਿਆ ਤੇ ਹੁਣ ਇਸ ਨਵੇਂ ਸੈਸ਼ਨ ਤੋਂ ਅੱਠਵੀ ਤੱਕ ਕਲਾਸਾਂ ਲੱਗਣਗੀਆਂ।

ਹੋਰ ਪਤਾ ਲੱਗਾ ਕਿ ਆਪਣੇ ਪਿੰਡ ਤੇ ਨੇੜੇ-ਨੇੜੇ ਦੇ ਹੋਰ ਪਿੰਡਾਂ ਵਿੱਚ ਹਸਪਤਾਲ ਦਾ ਪ੍ਰਬੰਧ ਨਹੀਂ। ਲੋਕਾਂ ਨੂੰ ੪/੫ ਮੀਲ ਦੂਰ ਜਾਣਾ ਪੈਂਦਾ ਹੈ। ਸਕੂਲ ਵਿਚੋਂ ਹੀ ਇਕ ਕਮਰੇ ਨੂੰ ਡਿਸਪੈਂਸਰੀ ਬਣਾ ਲਿਆ। ਪਿੰਡ ਦਾ ਹੀ ਇਕ ਡਾਕਟਰ ਮਿਲ ਗਿਆ, ਜਿਸ ਨੇ ਇਕ ਘੰਟਾ ਫ਼ਰੀ ਸੇਵਾ ਕਰਨ ਦੀ ਜਿੰਮੇਵਾਰੀ ਲੈ ਲਈ। ਹਰ ਰੋਜ਼ 10/15 ਮਰੀਜ਼ ਆ ਕੇ ਲਾਭ ਉਠਾ ਰਹੇ ਹਨ। ਹੁਣ ਅੱਗੇ ਯਤਨ ਜਾਰੀ ਹੈ ਕਿ ਇਸ ਨੂੰ ਇਕ ਹਸਪਤਾਲ ਬਣਾ ਦਿੱਤਾ ਜਾਵੇ। ਹੋਰ ਵਿਚਾਰ ਹੋਈ ਕਿ ਬੀਬੀਆਂ ਲਈ ਸਿਲਾਈ

ਕਢਾਈ ਸਿਖਾਉਣ ਦਾ ਪ੍ਰਬੰਧ ਕੀਤਾ ਜਾਵੇ । ਤਿੰਨ ਸਿਲਾਈ ਮਸ਼ੀਨਾਂ ਪਿੰਡੋਂ ਮਿਲ ਗਈਆਂ ਤੇ ਤਿੰਨ ਨਵੀਆਂ ਲੈ ਲਈਆਂ । ਸਿਖਾਉਣ ਵਾਲੀ ਬੀਬੀ ਵੀ ਪਿੰਡੋਂ ਮਿਲ ਗਈ ਤੇ ਕੰਮ ਚਾਲੂ ਹੋ ਗਿਆ ।

ਪਿੰਡ ਵਿਚ ਇਕ ਅਧੂਰਾ ਗੁਰਦੁਆਰਾ ਤਾਂ ਸੀ, ਪਰ ਉਸ ਤੇ ਹਰੀਜਨ ਵੀਰਾਂ ਦਾ ਕਬਜਾ ਸੀ ਤੇ ਜੱਟ ਆਪਣਾ ਅਲੱਗ ਗੁਰਦਵਾਰਾ ਬਣਾਉਣਾ ਚਾਹੁੰਦੇ ਹਨ । ਖੈਰ, ਇਧਰ ਉਧਰ ਮਿਲ ਮਿਲਾ ਕੇ ਵਿਚਾਰ ਹੋਈ ਕਿ ਛੋਟੇ ਜਿਹੇ ਪਿੰਡ ਵਿਚ ਇਕੋ ਹੀ ਗੁਰਦਵਾਰਾ ਕਾਫੀ ਹੈ । ਕੁਝ ਰੁਕਾਵਟਾਂ ਬਾਅਦ ਦੋਵੇਂ ਧਿਰਾਂ ਮਨ ਗਈਆਂ । ਹੁਣ ਗੁਰਦਵਾਰਾ ਸਾਹਿਬ ਨੂੰ ਠੀਕ ਕਰਨ ਦੀਆਂ ਸਕੀਮਾਂ ਬਣ ਰਹੀਆਂ ਹਨ । ਕਾਫੀ ਪੈਸੇ ਦੀ ਲੋੜ ਸੀ । ਕੁਵੈਤ ਤੋਂ ਛੋਟਾ ਭਰਾ ਆਇਆ ਹੋਇਆ ਸੀ ਉਹ ਵੀ ਨਾਲ ਪਿੰਡ ਵੇਖਣ ਚੱਲ ਪਿਆ । ਸਾਰੀ ਤਰੱਕੀ ਵੇਖ ਕੇ ਬਹੁਤ ਖੁਸ਼ ਹੋਇਆ ਅਤੇ ਜਾਂਦਾ ਹੋਇਆ ਨੋਟਾਂ ਦੀ ਥੱਬੀ ਫੜਾ ਗਿਆ ਤੇ ਹੋਰ ਵਿਸ਼ਵਾਸ਼ ਦਿਵਾ ਗਿਆ ਕਿ ਵੀਰ ਜੀ, ਤੁਸੀਂ ਚਿੰਤਾ ਨਾ ਕਰਨਾ ਹੋਰ ਮਾਇਆ ਬਾਹਰੋਂ ਭੇਜ ਦੇਵਾਂਗੇ । ਹੁਣ ਸਰਪੰਚ ਤੋਂ ਪਤਾ ਲੱਗਾ ਕਿ ਪਿੰਡ ਵਾਸੀ ਤੇ ਜੋ ਹੋਰ ਪਿੰਡ ਦੇ ਸੱਜਣ ਬਾਹਰ ਵਿਦੇਸ਼ਾਂ ਵਿਚ ਗਏ ਹੋਏ ਹਨ, ਉਨ੍ਹਾਂ ਸਾਰਿਆਂ ਪਾਸੋਂ ਇਨ੍ਹਾਂ ਨੇਕ ਕੰਮਾਂ ਲਈ ਮਾਇਆ ਆ ਰਹੀ ਹੈ । ਇਸ ਪ੍ਰਕਾਰ ਪਿੰਡ ਵਾਸੀਆਂ ਨੂੰ ਬਹੁਤ ਉਤਸ਼ਾਹ ਮਿਲਿਆ ਹੈ ਤੇ ਉਹ ਹੁਣ ਪਿੰਡ ਦੀ ਸਫਾਈ, ਤਰੱਕੀ ਤੇ ਵਿਕਾਸ ਬਾਰੇ ਆਪੇ ਹੀ ਸਕੀਮਾਂ ਬਣਾ ਰਹੇ ਹਨ ।

ਧੰਨਵਾਦਿ ਸਹਿਤ ਵਿਚੋਂ:-

ਕਿਉ ਲੀਜੈ ਗਢੁ ਬੰਕਾ ਭਾਈ

## ਵਾਹੁ ਵਾਹੁ ਬਾਣੀ ਨਿਰੰਕਾਰ ਹੈ

**(ਸਤਿੰਦਰ ਸਿੰਘ ਨੰਦਾ)**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ ਸਮੇਂ ਇਸ ਸੰਸਾਰ ਵਿਚ ਧਾਰਮਿਕ ਤੌਰ ਤੇ ਹਨੇਰ ਹੀ ਹਨੇਰ ਛਾਇਆ ਹੋਇਆ ਸੀ। ਆਮ ਮਨੁੱਖ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਵਿਚ ਬੁਰੀ ਤਰ੍ਹਾਂ ਫਾਥਾ ਹੋਇਆ ਸੀ ਅਤੇ ਸ਼ਾਸਕ ਵਰਗ ਆਪਣੀ ਐਸ਼ ਪ੍ਰਸਤੀ ਜਾਂ ਖ਼ੂਨ ਖਰਾਬੇ ਵਿਚ ਪੂਰੀ ਤਰ੍ਹਾਂ ਗਲਤਾਨ ਸੀ। ਮਨੁੱਖ ਅਤੇ ਪਰਮਾਤਮਾ ਵਿਚਕਾਰ ਰਿਸ਼ਤਾ ਗੁੰਮ ਹੋ ਚੁੱਕਾ ਸੀ। ਮਨੁੱਖ ਨੂੰ ਭਰਮਾਉਣ ਵਾਸਤੇ ਅਨੇਕ ਪੀਰ ਫਕੀਰ, ਨਾਥ-ਜੋਗੀ, ਬ੍ਰਾਹਮਣ ਤੇ ਮੌਲਵੀ ਰੱਬ ਰੂਪ ਬਣ ਬੈਠੇ ਸਨ। ਆਮ ਮਨੁੱਖ ਦੀ ਸੋਚ ਇਨ੍ਹਾਂ ਧਾਰਮਿਕ ਮੁੱਖੀਆਂ ਦੇ ਡੇਰੇਦਾਰਾਂ ਤੋਂ ਉਪਰ ਸੋਚ ਹੀ ਨਹੀਂ ਸੀ ਸਕਦੀ। ਇਸ ਕਰਕੇ ਜਨ ਜੀਵਨ ਦੁਖਾਂ ਕਲੇਸ਼ਾਂ ਵਿਚ ਘਿਰਿਆ ਹੋਇਆ ਸੀ। ਉਸ ਦੇ ਮਨ ਵਿਚ ਨਾ ਗਿਆਨ ਸੀ ਤੇ ਨਾ ਸ਼ਾਂਤੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਆਪਣੀ ਬਾਣੀ ਵਿਚ ਮਨੁੱਖ ਨੂੰ ਸਿੱਧਾ ਪਰਮਾਤਮਾ ਨਾਲ ਜੁੜਨ ਦਾ ਮਾਰਗ ਦੱਸਿਆ। ਗੁਰਬਾਣੀ ਵਿੱਚ ਕਿਸੇ ਮਨੁੱਖੀ ਰੂਪ ਦੀ ਥਾਂ ਨਿਰਾਕਾਰ ਪਰਮਾਤਮਾ ਦੇ ਗੁਣ ਗਾਏ ਗਏ ਹਨ। ਨਿਰਾਕਾਰ ਪਰਮਾਤਮਾ ਦਾ ਗਿਆਨ ਭਾਵੇਂ ਹਿੰਦੂ ਤੇ ਮੁਸਲਮਾਨ ਧਰਮਾਂ ਦੇ ਗ੍ਰੰਥਾਂ ਵਿਚ ਪਹਿਲਾਂ ਵੀ ਮੌਜੂਦ ਸੀ, ਪਰ ਇਹ ਸਿਰਫ ਗਿਆਨ ਦਾ ਹੀ ਵਿਸ਼ਾ ਸੀ। ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਤਰਕ ਤੇ ਵਿਚਾਰ ਚਰਚਾ ਦਾ ਆਸਰਾ ਲਿਆ ਜਾਂਦਾ ਸੀ। ਗੁਰਬਾਣੀ ਦਾ ਸੰਦੇਸ਼ ਸਾਖਸ਼ਾਤ ਅਨੁਭਵ ਉਤੇ ਨਿਰਭਰ ਕਰਦਾ ਹੈ, ਇਸ ਲਈ ਨਿਰਾਕਾਰ ਪਰਮਾਤਮਾ ਨਾਲ ਭਾਵੁਕ ਪੱਧਰ ਤੇ ਜੋ ਰਿਸ਼ਤਾ ਗੁਰਬਾਣੀ ਰਾਹੀਂ ਜੁੜਦਾ ਹੈ, ਇਹ ਗੁਰਬਾਣੀ ਦੀ ਵਿਲੱਖਣ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਗੁਰਬਾਣੀ ਨਿਰੋਲ ਉਪਦੇਸ਼ ਜਾਂ ਵਿਚਾਰ ਮਾਤਰ ਨਾ ਰਹਿ ਕੇ ਇਸ ਮਾਰਗ ਅਤੇ ਉਸ ਮਾਰਗ ਉਤੇ ਤੁਰਨ ਦਾ ਪ੍ਰੇਰਨਾ ਸਰੋਤ ਹੋ ਨਿਬੜਦੀ ਹੈ। ਬਸ ਲੋੜ ਹੈ ਇਸ ਨਾਲ ਮਨ ਦੀ ਤਾਰ ਜੋੜਨ ਦੀ।

**ਗੁਰ ਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿ ਧਾਰ॥ (ਪੰਨਾ ੧੦੬੬)**

ਗੁਰਬਾਣੀ ਦਾ ਮਿਆਰ, ਸਤਿਕਾਰ, ਪਾਠ, ਵਿਚਾਰ ਤੇ ਵਿਸ਼ਵਾਸ਼ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਾਖਸ਼ਾਤ ਨਿਰੰਕਾਰ ਤੇ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਸਿੱਖ ਧਰਮ ਵਿਚ ਸ਼ਬਦ ਦੀ ਪੂਜਾ ਨੂੰ ਜਿੰਨਾ ਮਹੱਤਵ ਦਿੱਤਾ ਗਿਆ ਹੈ, ਇੰਨਾ ਸ਼ਾਇਦ ਹੀ ਕਿਸੇ ਹੋਰ ਧਰਮ ਵਿੱਚ ਦਿੱਤਾ ਜਾਂਦਾ ਹੋਵੇ। ਇਸ ਮੱਤ ਅਨੁਸਾਰ ਗੁਰੂ ਦੀ ਬਾਣੀ, ਗੁਰੂ ਦਾ ਉਪਦੇਸ਼, ਉਸ ਦੇ ਸਰੀਰ ਤੋਂ, ਉਸ ਦੀ ਮੂਰਤ ਤੋਂ, ਉਸ ਦੇ ਜੀਵਨ ਕ੍ਰਮ ਤੋਂ ਵਧੇਰੇ ਮੱਹਤਵ ਰਖਦੀ ਹੈ। ਗੁਰਬਾਣੀ ਬਾਰੇ ਇਸ ਤਰ੍ਹਾਂ ਧਾਰਣਾ ਸਿੱਖ ਧਰਮ ਦੇ ਪੈਰੋਕਾਰਾਂ ਦੀ ਕ੍ਰਿਤ ਨਹੀਂ ਹੈ, ਇਸ ਸਿਧਾਂਤ ਦਾ ਪ੍ਰਤੀਪਾਦਨ ਆਪ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਸੱਪਸ਼ਟ ਤੌਰ ਤੇ ਕੀਤਾ ਹੈ। ਇਸ ਲਈ ਇਸ ਸਬੰਧ ਵਿਚ ਜਿੰਨਾ ਮਰਜ਼ੀ ਸ਼ੰਕੇ ਤੇ ਭਰਮ- ਭੁਲੇਖੇ ਪੈਦਾ ਕਰਨ ਦਾ ਯਤਨ ਕੀਤਾ ਜਾਵੇ, ਉਹ ਸਾਰੇ ਗੁਰਬਾਣੀ ਦੇ ਚਾਨਣ ਭਰੇ ਪ੍ਰਚੰਡ ਤੇਜ ਦੇ ਸਾਹਮਣੇ ਨਿਰਮੂਲ ਤੇ ਮੰਦ ਪੈ ਜਾਂਦੇ ਹਨ। ਮਨੁੱਖਤਾ ਦੀ ਕਲਿਆਣ ਹਿਤ ਗੁਰਬਾਣੀ ਦੇ ਇਸ ਚਾਨਣ ਨੂੰ ਸਦੀਵੀ ਤੌਰ ਤੇ ਸ਼ਾਂਭਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕੀਤਾ। ਇਸ ਸੰਪਾਦਨਾ ਵਿਚ ਗੁਰੂ ਘਰ ਦੀ ਪਰੰਪਰਾ ਨਾਲੋਂ ਵੀ ਬਾਣੀ ਨੂੰ ਉੱਚਾ ਦਰਜਾ ਦਿਤਾ ਗਿਆ ਹੈ। ਇਸ ਲਈ ਇਸ ਪਵਿੱਤਰ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਧਰਮਾਂ ਦੇ ਮਹਾਂਪੁਰਖਾਂ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ ਹੈ। ਬੇਸ਼ੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਸਮੀ ਤੌਰ ਤੇ ਗੁਰਗੱਦੀ ੧੭੦੮ ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਪ੍ਰਾਪਤ ਹੋਈ, ਪਰ ਅਮਲੀ ਰੂਪ ਵਿਚ ਇਹ ਪ੍ਰਕ੍ਰਿਆ ੧੦੪ ਸਾਲ ਪਹਿਲਾਂ ਤੋਂ ਸੁਰੂ ਹੋ ਚੁੱਕੀ ਸੀ। ਗੁਰੂ ਅਰਜਨ ਦੇਵ ਜੀ ਨੇ ੧੬੦੪ ਈਸਵੀ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰ ਅਸਥਾਨ ਉਤੇ ਸ਼ਾਂਤੀ ਭਰੇ ਵਾਤਾਵਰਣ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਸ ਪਰੰਪਰਾ ਦਾ ਮੁੱਢ ਬੰਨ੍ਹ ਦਿੱਤਾ ਸੀ।

**ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ॥ ਅੰਤਰਿ ਹਰਿ ਨਾਮੁ ਸਬਦਿ ਸੁਹਾਵਾ॥**
**ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ॥** (ਪੰਨਾ ੧੦੬੫)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੁਰ ਮੁੱਖ ਤੌਰ ਤੇ ਅਧਿਆਤਮਕ ਹੈ, ਜਿਸ ਵਿੱਚ ਸਮੁਚੇ ਸਭਿਆਚਾਰ, ਸਮਾਜ, ਰਾਜਨੀਤੀ, ਇਤਿਹਾਸ ਅਤੇ ਭੂਗੋਲਿਕ ਢਾਂਚੇ ਨੂੰ ਪ੍ਰਭਾਵਿਤ ਹੁੰਦਿਆਂ ਵੇਖਿਆ ਜਾ ਸਕਦਾ ਹੈ ਅਤੇ ਸਮਾਜਿਕ, ਰਾਜਨੀਤਕ, ਇਤਿਹਾਸਕ, ਮਿਥਿਹਾਸਕ, ਪ੍ਰਕ੍ਰਿਤਿਕ ਪਹਿਲੂਆਂ ਨੂੰ ਵੀ ਭਰਪੂਰ ਰੂਪ ਵਿਚ ਛੂਹਿਆ ਗਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਇੰਞ ਇਸ ਜਗਤਾਰਕ ਗ੍ਰੰਥ ਵਿਚ ਕਰੀਬ ਕਰੀਬ ਪੰਜ ਸਦੀਆਂ ਦੇ ਵਿਸ਼ੇਸ਼ ਅਧਿਆਤਮਕ ਸੁਰ ਰੱਖਣ ਵਾਲੇ ਮਹਾਪੁਰਖਾਂ ਦੇ ਅਨੁਭਵੀ ਗਿਆਨ ਨੂੰ ਸੰਕਲਿਤ ਕੀਤਾ ਗਿਆ ਹੈ। ਇਸ ਪਵਿੱਤਰ ਗ੍ਰੰਥ ਦਾ ਸੰਪਾਦਨ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰਮਤਿ ਦੇ ਢਾਡੀ ਕਵੀ ਭਾਈ ਗੁਰਦਾਸ ਜੀ ਦੀ ਸੇਵਾ ਨਾਲ ਆਰੰਭਿਆ। ਭਾਦੋਂ ਸੁਦੀ ਏਕਮ ੧੬੬੧ ਬਿ. (੧੬੦੪ ਈ.) ਨੂੰ ਅੰਮ੍ਰਿਤਸਰ ਦੇ ਰਾਮਸਰ ਸਥਾਨ ਤੋਂ ਬੜੀ ਸ਼ਰਧਾ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਅਸਥਾਨ ਉਤੇ ਲਿਆ ਕੇ ਪ੍ਰਕਾਸ਼ ਕੀਤਾ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ। ਪਹਿਲੇ ਪ੍ਰਕਾਸ਼ ਸਮੇਂ ਜਿਹੜਾ ਗੁਰਵਾਕ ਸੰਗਤਾਂ ਨੂੰ ਸੁਣਾਇਆ ਗਿਆ, ਉਹ ਆਸਥਾ ਬੰਨ੍ਹਾਉਣ ਵਾਲਾ ਤੇ ਠੰਢਕ ਵਰਤਾਉਣ ਵਾਲਾ ਸੀ।

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**........
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥**(ਪੰਨਾ ੭੮੩)

ਇਸੇ ਤਰ੍ਹਾਂ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਵੇਲੇ ਦਾ ਸ਼ੁਭ ਵਾਕ ਵੀ ਦਰਜ ਕੀਤਾ ਮਿਲਦਾ ਹੈ ਜੋ ਮਾਰੂ ਮਹਲਾ ਪੰਜਵਾਂ ਦਾ ਹੈ:

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥**.........
**ਨਾਨਕ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥** (ਪੰਨਾ ੧੦੦੦)

੧੪੩੦ ਪੰਨਿਆਂ ਦੇ ਇਸ ਅਮੁੱਲੇ ਗ੍ਰੰਥ ਵਿਚ ਇੱਕਤੀ ਰਾਗਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਰਾਇਣ, ਮਾਲੀ ਗਉੜਾ, ਮਾਰੂ ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ) ਤੋਂ ਇਲਾਵਾ ੨੨ ਰਾਗਾਂ (**ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ**:- ਰਾਗ ਮਾਝ, ਆਸਾ ਤੇ ਮਲਾਰ; **ਗੁਰੂ ਅਮਰਦਾਸ ਜੀ ਦੀਆਂ ਚਾਰ ਵਾਰਾਂ**- ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ; **ਗੁਰੂ ਰਾਮਦਾਸ ਜੀ ਦੀਆਂ ਅੱਠ ਵਾਰਾਂ** -ਰਾਗ ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲੁ, ਸਾਰੰਗ ਤੇ ਕਾਨੜਾ ; **ਗੁਰੂ ਅਰਜਨ ਦੇਵ ਜੀ ਦੀਆਂ ਛੇ ਵਾਰਾਂ**- ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਅਤੇ **ਭਾਈ ਸੱਤਾ ਤੇ ਬਲਵੰਤ ਜੀ ਦੀ ਇਕ ਵਾਰ** -ਰਾਗ ਰਾਮਕਲੀ) ਮਿਲਦੀਆਂ ਹਨ। ਸਾਰੀ ਬਾਣੀ ਨੂੰ 'ਧਰੁ ਕੀ ਬਾਣੀ' ਦੀ ਸੰਗਿਆ ਦੇ ਕੇ ਮਨੁੱਖੀ ਛਾਪੇ ਤੋਂ ਦੁਰੇਡੇ ਕੀਤਾ ਗਿਆ ਹੈ:

**ਧਰੁ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਪੰਨਾ ੬੨੮)**

ਆਪਣੇ ਇਸ ਕਥਨ ਨੂੰ ਦ੍ਰਿੜ ਕਰਵਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ- ਪੁਰ ਥਾਂ ਦ੍ਰਿਸ਼ਟੀਗੋਚਰ ਕੀਤਾ ਗਿਆ ਤਾਂ ਜੋ ਕਿਸੇ ਨੂੰ ਵੀ ਭਰਮ ਭੁਲੇਖੇ ਨਾ ਰਹੇ ਅਤੇ ਹੋਰ ਕੋਈ ਇਸ ਬਾਣੀ ਨੂੰ ਰੱਬੀ ਬਾਣੀ ਤੱਸਵਰ ਕਰਨ ਵਿਚ ਹੀ ਰੁਚੀ ਰਖੇ। ਇਸੇ ਵਾਸਤੇ 'ਉਸ' ਦੇ ਹੁਕਮ ਦਾ ਹੀ ਵਿਖਿਆਨ ਕੀਤਾ ਗਿਆ:

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ॥ (ਪੰਨਾ ੩੦੮)**

ਗੁਰੂ ਗ੍ਰੰਥ ਸਾਹਿਬ ਵਿਚ ਸਾਂਝੀਵਾਲਤਾ ਦਾ ਉਪਦੇਸ਼ ਦਿਤਾ ਗਿਆ ਹੈ ਅਤੇ ਮਨੁੱਖਤਾ ਨੂੰ ਦ੍ਰਿੜ ਕਰਵਾਇਆ ਗਿਆ ਹੈ ਕਿਸ '**ਸਭੇ ਸਾਂਝੀਵਾਲ ਸਦਾਇਨ ਕੋਇ ਨਾਦਿਸੈ ਬਾਹਰਾ ਜੀਓ**' ਕਿਉਂਕਿ ਅਸੀਂ ਸਭ ਇਕੋ ਪਿਤਾ ਪਰਮੇਸ਼ਵਰ ਦੀ ਸੰਤਾਨ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹਾਂ ਅਤੇ ਸਾਨੂੰ ਸਭਨਾਂ ਨੂੰ ਆਪਣੇ ਸੰਗੀ ਸਾਥੀ ਤੇ ਭਰਾ ਭਰਾ ਸਮਝਣ ਦੀ ਗੁੜ੍ਹਤੀ ਦਿਤੀ ਗਈ ਹੈ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਪੰਨਾ ੧੩੪੯)**

ਇਸੇ ਲਈ ਨਾਨਕ ਨਾਮੁ ਜਹਾਜ ਦੇ ਤਲਬਗਾਰ ਸਭਨਾਂ ਵਿਚ ਸੱਚੇ ਪਾਤਸ਼ਾਹ ਦੀ ਹੀ ਜੋਤਿ ਨੂੰ ਜਗਦੀ ਤੇ ਰੁਸ਼ਨਾਉਂਦੀ ਵੇਖਦੇ ਹੋਏ ਸਭਨਾਂ ਨੂੰ ਆਪਣੇ ਹੀ ਰੂਪ ਦਾ ਨਾਂ ਦਿੰਦੇ ਹੋਏ, ਊਚ ਨੀਚ ਦੇ ਵਖਰੇਵਿਆਂ ਤੇ ਜਾਤੀਗਤ ਭੇਦ ਭਾਵ ਤੋਂ ਕੋਹਾਂ ਦੂਰ ਰਹਿਣ ਵਿਚ ਹੀ ਭਲਾਈ ਸਮਝਦੇ ਹਨ ਕਿਉਂਕਿ ਉਹ ਸਭਨਾਂ ਵਿਚ 'ਉਸੇ' ਦੀ ਹੀ ਜੋਤ ਨੂੰ ਜਗਦੀ ਮੰਨਦੇ ਹੋਏ '**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**' ਨੂੰ ਆਪਣਾ ਆਸਥਾ ਰੂਪ ਪ੍ਰਗਟ ਕਰਦੇ ਹਨ। ਜੇਕਰ ਮਨੁੱਖ ਊਚ ਨੀਚ ਤੇ ਜਾਤ ਪਾਤ ਦੇ ਚੱਕਰਾਂ ਵਿਚ ਫਾਥਾ ਰਹੇਗਾ ਤਾਂ '**ਨਾ ਕੋਈ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ**' ਵਾਲੀ ਖਰੀ ਸੋਚ ਅਸਰ ਨਹੀਂ ਕਰੇਗੀ ਅਤੇ ਉਨ੍ਹਾਂ ਭੈੜੇ ਚੱਕਰਾਂ ਵਿਚੋਂ ਕੱਢਣ ਲਈ ਅਤੇ ਭਿੰਨ ਭੇਦ ਮਿਟਾਉਣ ਵਾਸਤੇ ਹੀ ਸਿਰੀ ਰਾਗ ਮਹਲਾ ਪਹਿਲਾ ਵਿਚ ਅੰਕਿਤ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**

**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਪੰਨਾ ੧੫)**

ਵੰਡ ਛਕਣ, ਕਿਰਤ ਕਰਨ ਅਤੇ ਕਿਸੇ ਦਾ ਹੱਕ ਨਾ ਮਾਰਨ ਦੀ ਗੱਲ ਵੀ ਕਿਸੇ ਪਾਵਨ ਗ੍ਰੰਥ ਵਿਚ ਕੀਤੀ ਗਈ ਮਿਲਦੀ ਹੈ। '**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥**' ਵਾਕ ਉਚਾਰਨ ਕਰਕੇ ਆਪਣੇ ਸਿੱਖਾਂ ਨੂੰ ਪੱਕਾ ਕਰਵਾਇਆ ਗਿਆ ਕਿ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਅਤੇ ਆਪਣੇ ਸੰਗੀਆਂ ਸਾਥੀਆਂ ਤੇ ਲੋੜਵੰਦਾਂ ਵਿਚ ਵੰਡ ਕੇ ਖਾਣ ਵਿਚ ਹੀ 'ਉਸ' ਦੀ ਚਾਕਰੀ ਹੈ ਤੇ ਖੋਹਾ ਖਿੰਝੀ ਕਰਨ ਅਤੇ ਗਰੀਬ ਗੁਰਬੇ ਦਾ ਹੱਕ ਮਾਰ ਕੇ ਖਾਣ ਵਾਲਿਆਂ ਨੂੰ ਤਾੜਨਾ ਭਰੀ ਘੁਰਕੀ ਵੀ ਗ੍ਰੰਥ ਵਿਚ ਦਰਜ ਹੈ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਪੰਨਾ ੧੪੧)**

ਪਾਰਬ੍ਰਹਮ ਦੀ ਵਿਆਪਕਤਾ ਰੋਮ ਰੋਮ ਵਿਚ ਸਮਾਈ ਹੋਈ ਹੋਣ ਕਾਰਣ 'ਉਸ' ਵਾਸਤੇ ਕੋਈ ਛੋਟਾ ਵੱਡਾ ਨਹੀਂ, ਕੋਈ ਉਚਾ ਨੀਵਾਂ ਨਹੀਂ, ਸਭ ਇਕੋ ਰੂਪ ਪਰਮਾਤਮਾ ਹੀ ਹਨ। ਇਥੇ ਕਿਸੇ ਦੇਸ਼, ਧਰਮ, ਕੌਮ ਤੇ ਕਬੀਲੇ ਆਦਿ ਦੀ ਗੱਲ ਹੀ ਨਹੀਂ ਬਲਕਿ ਸੱਚੇ ਪਾਤਸ਼ਾਹ ਦੀ ਸਰਬ ਵਿਆਪਕਤਾ ਅਤੇ ਰੱਬੀ ਵਰਤ ਵਰਤਾਰੇ ਵਿਚ ਮਨੁੱਖੀ ਬਰਾਬਰੀ ਦੀ ਗੱਲ ਨੂੰ ਮਹੱਤਵ ਦਿਤਾ ਗਿਆ ਹੈ।

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥**

**ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ (ਪੰਨਾ ੮੮੫)**

ਗੁਰਬਾਣੀ ਦੇ ਚਾਨਣ ਨੂੰ ਵੰਡਦਿਆਂ ਇਹ ਵੀ ਦ੍ਰਿੜ ਕਰਵਾਇਆ ਗਿਆ ਕਿ ਥਿਤੀਆਂ, ਵਾਰਾਂ, ਵਰਤਾਂ, ਸ਼ਗਨਾਂ, ਅਪਸ਼ਗਨਾਂ, ਮਹੂਰਤਾਂ, ਕਰਵਾ ਚੌਥ ਅਤੇ ਮੜ੍ਹੀ ਮਸਾਣਾਂ ਤੇ ਮੂਰਤੀ ਪੂਜਾ ਤੋਂ ਦੂਰ ਰਹਿਣ ਵਿਚ ਹੀ 'ਉਸ' ਦੀ ਸੱਚੀ ਅਰਾਧਨਾ ਹੈ, **ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥**' ਅਤੇ ਇਸ ਦੇ ਨਾਲ ਹੀ ਇਸਤਰੀ ਨੂੰ ਉਚਾ ਦਰਜਾ ਦਿੰਦਿਆਂ ਅੰਕਿਤ ਕੀਤਾ **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰਖਦਿਆਂ ਹੀ ਨਾਮ ਬਾਣੀ ਨੂੰ ਸਰਵਉੱਚਤਾ ਦਿਤੀ ਗਈ ਅਤੇ ਇਸੇ ਕਰਕੇ ਹੀ ਹਰ ਰੋਜ਼ ਦੀ ਅਰਦਾਸ ਵਿਚ **ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ** ਦਾ ਰਟਣ ਕਰਕੇ 'ਉਸ' ਨੂੰ ਅੰਗ ਸੰਗ ਵਸਦਾ ਮੰਨਿਆ ਜਾਂਦਾ ਹੈ।

ਧੰਨਵਾਦਿ ਸਹਿਤ ਵਿੱਚੋ –: ਮਹਿਰਮ

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:–

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 12-05-2016 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 14-05-2016 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 14-05-2016 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ '**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ**" ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਗਿਆਨੀ ਜਸਵਿੰਦਰ ਸਿੰਘ ਹੈਡ ਗ੍ਰੰਥੀ ਗੁ.ਸਾਚਾ ਧੰਨ ਮੋਹਾਲੀ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਰਾਗ ਸਾਰੰਗ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ-ਸਾਰੰਗ ਥਾਟ-ਕਾਫ਼ੀ
ਸੁਰ - ਦੋਵੇਂ ਨਿਸ਼ਾਦ ਬਾਕੀ ਸ਼ੁਧ
ਵਰਜਿਤ ਸੁਰ-ਗੰਧਾਰ ਅਤੇ ਨਿਸ਼ਾਦ
ਜਾਤੀ-ਔੜਵ-ਔੜਵ ਵਾਦੀ -ਰਿਸ਼ਭ
ਸੰਵਾਦੀ-ਪੰਚਮ ਸਮਾਂ-ਦਿਨ ਦਾ ਤੀਜਾ ਪਹਿਰ
ਆਰੋਹ -ਸ, .ਨੀ ਸ, ਰੇ ਮ ਪ, ਨੀ ਸਂ ।
ਅਵਰੋਹ -ਸਂ ਨ਼ੀ ਪ, ਮ ਰੇ ਸ ।
ਪਕੜ - .ਨੀ ਸ ਰੇ, ਮ ਰੇ, ਪ ਮ ਰੇ, .ਨੀ ਸ ।

## ਰਾਗ ਸਾਰੰਗ ਝੱਪ ਤਾਲ

| ਤਾਲ<br>ਚਿੰਨ੍ਹ | 1<br>X | 2 | 3<br>X | 4 | 5 | 6<br>0 | 7 | 8<br>3 | 9 | 10 |
|---|---|---|---|---|---|---|---|---|---|---|
| | ਸਂਸਂ<br>ਹਰਿ | ਨ਼ੀਪ<br>ਹਰਿ | ਰੇ-<br>ਸੰS | -<br>S | ਪਮ<br>ਤਜ | ਰੇ<br>ਨਾ | ਸ.ਨੀ<br>ਕੀS | ਸ<br>S | ਸ<br>ਜੀ | ਸਸ<br>ਵਨਿ |
| | ਰੇ<br>ਸੰ | ਮਮ<br>ਤਜ | ਪ<br>ਨਾ | -<br>S | ਮਰੇ<br>ਕੀS | ਨ਼ੀ<br>ਜੀ | -<br>S | ਪਮ<br>ਵS | ਰੇਸ<br>SS | .ਨੀਸ<br>ਨਿS |
| | ਮਮ<br>ਬਿਖੈ | ਮਮ<br>ਰਸ | ਨ਼ੀਪ<br>ਭੋਂS | -ਪ<br>Sਗ | ਨੀ<br>ਅੰ | ਸਂਸਂ<br>ਮ੍ਰਿਤ | ਸਂਸਂ<br>ਸੁਖ | ਸਂ<br>ਸਾ | -<br>S | ਸਂਸਂ<br>ਗਰ |
| | ਰੇਂਮੇਂ<br>ਰਾਸ | ਰੇਂ<br>ਮ | ਰੇਂ<br>ਨਾ | -ਸਂ<br>Sਮ | ਸਂਸਂ<br>ਰਸੁ | ਨੀਸਂ<br>ਪੀ | ਰੇਂਸਂ<br>ਵS | ਪਨ਼ੀ<br>ਨਿS | ਪ<br>S | -<br>S |
| | ਰੇ<br>ਰਾ | ਮ<br>ਮ | ਨ਼ੀ<br>ਨਾ | ਪ<br>ਮ | ਮ<br>ਰ | ਪ<br>ਸ | ਰੇ<br>ਪੀ | ਮ<br>S | ਰੇ<br>ਵ | ਸ<br>ਨਿ |

**ਸਾਰਗ ਮਹਲਾ ੫**

ਹਰਿ ਹਰਿ ਸੰਤ ਜਨਾ ਕੀ ਜੀਵਨਿ ॥
ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥੧॥ ਰਹਾਉ ॥
ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥
ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥੧॥
ਜਿਉ ਮੀਨਾ ਜਲ ਸਿਉ ਉਰਝਾਨੋ ਰਾਮ ਨਾਮ ਸੰਗਿ ਲੀਵਨਿ ॥
ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ ॥੨॥੯੮॥੧੨੧॥

## ਜੂਨ ਮਹੀਨੇ ਦੇ ਸਮਾਗਮ:-

**1. ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਅਰੰਭ ਕੀਤੀ ਗਈ ਹੈ ਹਰ ਰੌਜ ਸਵੇਰੇ ੧੦.੦੦ ਵਜੇ ਤੋਂ ੧੨੦੦ ਵਜੇ ਤੱਕ ਬੀਬੀਆ ਦੁਆਰਾ ਪਾਠ ਕੀਤੇ ਜਾਦੇ ਹਨ।ਇਸ ਲੜੀ ਦੀ ਸਮਾਪਤੀ 08-06-2016 (ਬੁੱਧਵਾਰ) ਸ੍ਰੀ ਗੁਰੁ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗੀ :-**

**ਪ੍ਰੋਗਰਾਮ**

| | |
|---|---|
| ਸਵੇਰੇ 8.00 ਤੋਂ 9.15 ਵਜੇ ਤੱਕ | ਇਸਤਰੀ ਸਤਿਸੰਗਿ ਸਭਾ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਦੀ ਸੰਪੂਰਨਤਾ |
| ਸਵੇਰੇ 9.15 ਤੋਂ 9.45 ਵਜੇ ਤੱਕ | ਕੀਰਤਨ-ਇਸਤਰੀ ਸਤਿਸੰਗਿ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ |
| ਸਵੇਰੇ 9.45 ਤੋਂ 10.15 ਵਜੇ ਤੱਕ | ਗੁਰਮਤਿ ਵਿਚਾਰਾਂ- ਪ੍ਰਿੰਸੀਪਲ ਨਰਿੰਦਰ ਬੀਰ ਸਿੰਘ |
| ਸੇਵੇਰੇ 10.15 ਤੋਂ 10.45 ਵਜੇ ਤੱਕ | ਕੀਰਤਨ- ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ |

**ਉਪਰੰਤ ਸਮਾਪਤੀ**

ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

2. ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-06-2016 ਦਿਨ ਮੰਗਲਵਾਰ 6.30 ਤੋ 9.00 ਵਜੇ ਤੱਕ **" ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨ੍ਾ ਪਾਸਿ "॥** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

3. **ਗੁਰਮਤਿ ਸਮਰ ਕੈਂਪ :-**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਣ ਲਈ ਗੁਰਮਤਿ ਕਲਾਸਾ ਮਿਤੀ 1 ਜੂਨ ਤੋਂ 25 ਜੂਨ 2016 ਤੱਕ ਹਰ ਰੋਜ ਸਵੇਰੇ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ ਮੁੰਡੀ ਖਰੜ ਸਵੇਰੇ 7.30 ਤੋਂ 9.30 ਵਜੇ ਤੱਕ ਲਗਾਈਆਂ ਜਾਣਗੀਆਂ । 26 ਤਰੀਕ ਸ਼ਾਮ 5 ਵਜੇ ਤੋਂ 9.00 ਵਜੇ ਤੱਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

## ਧੰਨਵਾਦਿ : ਮਈ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. Kuldip Singh # 171/Phase -6/Mohali | 20,000/- |
| 2. | Bibi Hardeep Kaur Saluja # 0053/Sec-70 | 15,000/- |
| 3. | S.Birinder Singh #6A/Sunny Enclave/Kharar | 500/- |
| 4. | S. Mohinder Singh Kahlon #0304/Ph-4 | 2,500/- |
| 5. | Bibi Harsharan Kaur Sethi #1440/ Sec.- 34C | 500/ |
| 6. | S. D.P Singh #393/Phase 9/Mohali | 12,500/- |
| 7. | S. Gurnaam Singh/Pind Hasanpur/Kadooyaan | 200/- |
| 8. | S. Mohinder Singh #0696/Phase 4/Mohali | 5,000/- |
| 9. | Bibi Satnam Kaur #3054/ Sec.- 35D/Chd | 25.000/ |
| 10. | S. Prithipal Singh #3054/Sector-35D/Chd | 25,000/- |
| 11. | S. Narinder Bir Singh #1444/Sec 34C/Chd | 2,000/- |
| 12. | Bibi Surjit Kaur #1444/Sec 34C/Chd | 2,000/- |
| 13. | Bibi Amandeep Kaur #301/Village Maloya | 10,000/- |
| 14. | S. Tarlochan Singh #357/Phase- 6/Mohali | 1,200/- |
| 15. | S. Gurdip Singh Phase-6/Mohali | 15,000/- |
| 16. | S. Manmohan Singh #1047/Sec.- 44B/Chd | 500/- |
| 17. | All Indian Sikh Federation(Regd.) Lajpat Nagar IV New Delhi | 21,000/- |
| 18. | S. Nirmal Singh #892/L.I.C. Colony/Kharar | 1,000/- |
| 19. | S. Gurjit Singh Ahluwalia #3043/Phase 7 | 15,000/- |
| 20. | Col. H.S Uppal #306/Sec 33A/Chd | 40,000/- |
| 21. | S. Harsharnpal Singh Bhatia#461/Sec 44A | 500/- |
| 22. | Bibi Gurdeep Kaur #461/Sec 44A/Chd | 500/- |
| 23. | Bibi Harpreet Kaur #461/Sec 44A/Chd | 500/- |
| 24. | Bibi. Harleen Kaur Sarna #107G, Shivalik Vihar Naya Goan, Mohali | 500/- |
| 25. | Bibi Rajleen Kaur #836/Phase II/Mohali | 500/- |
| 26. | Vijay Kumar # 111/Ram Darbar/Ph-I/Chd. | 100 |
| 27. | Bibi Paramjit Kaur #461/Sec 44A/Chd | 100/- |
| 28. | S. Tarninder Singh #246/Sec.- 9/Chd | 50,000/- |
| 29. | S. Devinderpal Singh #SV. 1-4(SF), ELDECO Society/Sec.-93/Noida | 12,500/- |
| 30. | Bibi Manjit Kaur Bindra #1650/Sec34D | 500/- |
| 31. | S. Mohinder Singh #877/HMT Col./M.Kharar | 1,100/- |
| 32. | Bibi Daljit Kaur Oberoi #278/Sec33A/Chd | 10,000/- |
| 33. | S. M.S. Mongia #1734/Phase- 7/Mohali | 500/- |
| 34. | S. Gurcharan Singh Sethi #142/Phase- 4 | 10,000/- |

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਈ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 74 | 128 | 202 |
| 2 | Eye | 05 | 16 | 21 |
| 3 | Cardiology | 07 | 54 | 61 |
| 4 | Dental | 12 | 43 | 55 |
| 5 | Gynaecology | 24 | 39 | 63 |
| 6 | Homoeopathy | 16 | 182 | 198 |
| 7 | Physiotherapy | 12 | 10 | 22 |
| 8 | General Child | 02 | - | 02 |
| | Total | 152 | 472 | 624 |
| | Laboratory | 59 | - | 59 |

# ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ

**ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ**

## 3 ਸਾਲਾਂ ਗੁਰਮਤਿ ਪ੍ਰਚਾਰਕ
## B.A. ਅਤੇ ਗੁਰਮਤਿ ਸੰਗੀਤ ਕੋਰਸ:

## ਦਾਖਲਾ (ਸੈਸ਼ਨ 2016-19)

**ਯੋਗਤਾ 10 + 2 ਪਾਸ**

**B.A. ਦੀ ਪੜ੍ਹਾਈ, ਕੀਰਤਨ ਸਿਖਲਾਈ, ਖਾਣਾ, ਰਿਹਾਇਸ਼ ਅਤੇ ਵਰਦੀਆਂ ਫਰੀ**

**ਇੰਟਰਵਿਊ 25-06-2016 (ਸ਼ਨੀਵਾਰ) ਸਵੇਰੇ 9.00 ਵਜੇ**

**94171-90438, 98761-77803**

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।